# ਗੰਭੀਰ ਨੇ ਟੈਸਟ ਮੈਚਾਂ 'ਚ ਲਗਾਏ ਲਗਾਤਾਰ ਪੰਜ ਸੈਂਕੜੇ

ਜਲੰਧਰ, 20 ਜਨਵਰੀ (ਕਮਲਜੀਤ ਥਾਬਕਲੇ)-ਭਾਰਤ ਦੇ ਸਲਾਮੀ ਬੱਲੇਬਾਜ਼ ਗੌਤਮ ਗੰਭੀਰ ਨੇ ਅੱਜ ਬੰਗਲਾਦੇਸ਼ ਖਿਲਾਫ਼ ਸ਼ਾਨਦਾਰ ਸੈਂਕੜਾ ਜੜ ਕੇ ਇਕ ਨਵਾਂ ਇਤਿਹਾਸ ਸਿਰਜ ਦਿੱਤਾ। ਗੰਭੀਰ ਲਗਾਤਾਰ ਪੰਜ ਟੈਸਟ ਮੈਚਾਂ ਵਿਚ ਪੰਜ ਸੈਂਕੜੇ ਬਣਾਉਣ ਵਾਲੇ ਦੁਨੀਆਂ ਦੇ ਚੌਥੇ ਅਤੇ ਭਾਰਤ ਦੇ ਪਹਿਲੇ ਬੱਲੇਬਾਜ਼ ਬਣ ਗਏ ਹਨ। ਇਸ ਤੋਂ ਪਹਿਲਾਂ ਆਸਟ੍ਰੇਲੀਆ ਦੇ ਡਾਨ ਬ੍ਰੇਡਮੈਨ, ਦੱਖਣੀ ਅਫਰੀਕਾ ਦੇ ਜੈਕ ਕਾਲਿਸ, ਪਾਕਿਸਤਾਨ ਦੇ ਮੁਹੰਮਦ ਯੂਸੁਫ ਇਹ ਕਾਰਨਾਮਾ ਦਿਖਾ ਚੁੱਕੇ ਹਨ। ਬ੍ਰੈਡਮੈਨ ਨੇ ਟੈਸਟ ਮੈਚਾਂ ਵਿਚ ਲਗਾਤਾਰ ਛੇ ਸੈਂਕੜੇ ਬਣਾਏ ਹਨ। ਅਜਿਹੇ ਵਿਚ ਗੰਭੀਰ ਉਨ੍ਹਾਂ ਦੇ ਰਿਕਾਰਡ ਦੀ ਬਰਾਬਰੀ ਕਰਨ ਤੋਂ ਸਿਰਫ ਇਕ ਸੈਂਕੜਾ ਦੂਰ ਹਨ। ਸੁਨੀਲ ਗਵਾਸਕਰ ਨੇ ਲਗਾਤਾਰ ਚਾਰ ਟੈਸਟ ਮੈਚਾਂ ਵਿਚ ਚਾਰ ਟੈਸਟ ਸੈਂਕੜੇ ਬਣਾਏ ਹਨ। ਗੰਭੀਰ ਨੇ ਆਪਣਾ ਪੰਜਵਾਂ ਸੈਂਕੜਾ 129 ਗੇਂਦਾਂ ਵਿਚ ਬਣਾਇਆ, ਜਿਸ ਵਿਚ ਉਨ੍ਹਾਂ ਨੇ 8 ਚੌਕੇ ਤੇ 1 ਛੱਕਾ ਲਗਾਉਂਦਿਆਂ 116 ਦੌੜਾਂ ਦੀ ਪਾਰੀ ਖੇਡੀ। ਗੰਭੀਰ ਨੇ ਪਹਿਲਾ ਤੇ ਦੂਸਰਾ ਸੈਂਕੜਾ ਨਿਊਜ਼ੀਲੈਂਡ, ਤੀਸਰਾ ਤੇ ਚੌਥਾ ਸੈਂਕੜਾ ਸ੍ਰੀਲੰਕਾ ਖਿਲਾਫ਼ ਤੇ ਪੰਜਵਾਂ ਅੱਜ ਬੰਗਲਾਦੇਸ਼ ਖਿਲਾਫ਼ ਬਣਾਇਆ ਹੈ।

# ਧੁੱਪ ਨਿਕਲੀ ਪਰ ਪੰਜਾਬ 'ਚ ਕੜਾਕੇ ਦੀ ਠੰਢ ਲਗਾਤਾਰ ਜਾਰੀ

ਚੰਡੀਗੜ੍ਹ, 20 ਜਨਵਰੀ (ਵਿਸ਼ਵ ਵਾਰਤਾ)-ਪੰਜਾਬ ਵਿੱਚ ਅੱਜ ਲਗਾਤਾਰ ਚੌਥੇ ਦਿਨ ਵੀ ਸੰਘਣੀ ਧੁੰਦ ਛਾਈ ਰਹੀ। ਹਾਲਾਂਕਿ ਦੁਪਹਿਰ ਸਮੇਂ ਧੁੱਪ ਨਿਕਲਣ ਨਾਲ ਲੋਕਾਂ ਨੂੰ ਠੰਡ ਤੋਂ ਥੋੜੀ ਰਾਹਤ ਜ਼ਰੂਰ ਮਿਲੀ ਪਰ ਕੁਝ ਸਥਾਨਾਂ 'ਤੇ ਤਾਪਮਾਨ ਤਿੰਨ ਡਿਗਰੀ ਤੱਕ ਉਪਰ ਚਲਿਆ ਗਿਆ। ਦੂਸਰੇ ਪਾਸੇ ਗਵਾਂਢੀ ਸੂਬੇ ਹਰਿਆਣਾ ਵਿਚ ਵੀ ਮੌਸਮ ਦਾ ਇਹੀ ਹਾਲ ਹੈ। ਅਧਿਕਾਰੀਆਂ ਨੇ ਦੱਸਿਆ ਕਿ ਧੁੰਦ ਦੀ ਮਾਰ ਰੇਲ, ਸੜਕ ਅਤੇ ਹਵਾਈ ਸੈਨਾ 'ਤੇ ਪਈ ਅਤੇ ਉਹ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ। ਅੱਜ ਚੰਡੀਗੜ੍ਹ, ਅੰਬਾਲਾ, ਪਠਾਨਕੋਟ, ਆਦਮਪੁਰ, ਬਠਿੰਡਾ ਅਤੇ ਸਿਰਸਾ ਵਿੱਚ ਦਿਖਣ ਦੀ ਦੂਰੀ ਸਵੇਰੇ ਸਿਫ਼ਰ ਸੀ। ਦੂਸਰੇ ਪਾਸੇ ਇਨ੍ਹਾਂ ਇਲਾਕਿਆਂ ਵਿਚ ਤਾਪਮਾਨ ਵਿਚ ਕੋਈ ਸੁਧਾਰ ਨਹੀਂ ਦਰਜ ਕੀਤਾ ਗਿਆ ਤੇ ਠੰਡ ਜਿਉਂ ਦੀ ਤਿਉਂ ਬਰਕਰਾਰ ਹੈ। ਅੰਮ੍ਰਿਤਸਰ ਸਭ ਤੋਂ ਜ਼ਿਆਦਾ ਠੰਡਾ ਰਿਹਾ। ਇਸ ਦੌਰਾਨ ਪੰਜਾਬ ਤੇ ਹਰਿਆਣਾ ਵਿਚ ਪੈ ਰਹੀ ਕੜਾਕੇ ਦੀ ਸਰਦੀ ਨਾਲ ਆਮ ਜਨਜੀਵਨ ਕਾਫੀ ਪ੍ਰਭਾਵਤ ਹੋਇਆ ਹੈ ਜਦਕਿ ਸੰਘਣੀ ਧੁੰਦ ਪੈਣ ਕਾਰਨ ਹਵਾਈ, ਰੇਲ ਅਤੇ ਸੜਕੀ ਆਵਾਜਾਈ 'ਚ ਵਿਘਨ ਪਿਆ ਹੈ। ਦੂਸਰੇ ਪਾਸੇ ਰਾਜਧਾਨੀ ਵਿਚ ਵੀ ਠੰਡ ਦਾ ਪ੍ਰਕੋਪ ਜਾਰੀ ਹੈ। ਇਥੇ ਅੱਜ ਘੱਟੋ ਘੱਟ ਤਾਪਮਾਨ 6.6 ਦਰਜ ਕੀਤਾ ਗਿਆ। ਇੰਦਰਾ ਗਾਂਧੀ ਹਵਾਈ ਅੱਡੇ 'ਤੇ ਲਗਪਗ 60 ਘਰੇਲੂ ਅਤੇ ਕੌਮਾਂਤਰੀ ਉਡਾਨਾਂ ਦੀ ਆਵਾਜਾਈ ਪ੍ਰਭਾਵਿਤ ਹੋਈ।

# 'ਬੇਗਮਪੁਰਾ ਵਸਾਉਣਾ' ਵਰਗੇ ਗੀਤ ਸਮਾਜ ਅਤੇ ਕੌਮ ਲਈ ਸਹੀ ਦਿਸ਼ਾ ਨਿਰਦੇਸ਼-ਜੱਸੀ

ਜਲੰਧਰ, 20 ਜਨਵਰੀ (ਮਲਕੀਤ ਸਿੰਘ ਬਰਾੜ)-ਦਲਿਤ ਕੌਮ ਅਤੇ ਮਜ਼ਲੂਮ ਕੌਮ ਦੇ ਰਹਿਬਰ ਮਹਾਨ ਕ੍ਰਾਂਤੀਕਾਰੀ ਜਗਤ ਗੁਰੂ ਰਵਿਦਾਸ ਜੀ ਮਹਾਰਾਜ ਦੇ ਸ਼ਬਦਾਂ ਦੀ ਨਵੀਂ ਕੈਸਿਟ 'ਬੇਗਮਪੁਰਾ ਵਸਾਉਣਾ' ਪੰਜਾਬ ਦੀ ਪ੍ਰਸਿੱਧ ਗਾਇਕਾ ਮਿਸ ਪੂਜਾ ਦੇ ਟਾਈਟਲ ਗੀਤ 'ਬੇਗਮਪੁਰਾ ਵਸਾਉਣਾ' ਦਾ ਡਾ. ਬੀ.ਆਰ. ਅੰਬੇਡਕਰ ਸੱਭਿਆਚਾਰਕ ਮੰਚ ਪੰਜਾਬ ਵੱਲੋਂ ਸਮਰੱਥਨ ਕੀਤਾ ਗਿਆ। ਮਿਸ ਪੂਜਾ ਦੇ ਉਪਰੋਕਤ ਇਸ ਗੀਤ ਦਾ ਮੰਚ ਵੱਲੋਂ ਸਮਰਥਨ ਕਰਦਿਆਂ ਉਕਤ ਸੱਭਿਆਚਾਰਕ ਮੰਚ ਪੰਜਾਬ ਦੇ ਪ੍ਰਧਾਨ ਤਰਸੇਮ ਲਾਲ ਜੱਸੀ ਨੇ ਜਾਰੀ ਇੱਕ ਬਿਆਨ ਵਿੱਚ ਪੁਰਜ਼ੋਰ ਸ਼ਬਦਾਂ ਵਿੱਚ ਸਮਰੱਥਨ ਕਰਦਿਆਂ ਕਿਹਾ ਕਿ ਦਲਿਤ ਕੌਮ ਦੇ ਪੱਖ ਵਿੱਚ ਗਾਏ ਅਜਿਹੇ ਗੀਤਾਂ ਦਾ ਮਤਲਬ ਇਹ ਨਹੀਂ ਕਿ ਉਹ ਕਿਸੇ ਧਰਮ ਜਾਂ ਮਜ਼ਬ ਦੇ ਖਿਲਾਫ ਹਨ। ਬਲਕਿ ਉਹ ਤਾਂ ਆਪਣੇ ਹੀ ਸਮਾਜ ਅਤੇ ਕੌਮ ਨੂੰ ਸਹੀ ਦਿਸ਼ਾ-ਨਿਰਦੇਸ਼ ਦਿੰਦੇ ਹਨ। ਉਨ੍ਹਾਂ ਕਿਹਾ ਕਿ ਜੇਕਰ ਫਿਰ ਵੀ ਕਿਸੇ ਆਮ ਜਾਂ ਖਾਸ ਵਿਅਕਤੀ ਵੱਲੋਂ ਦਲਿਤ ਕੌਮ ਦੇ ਅਜਿਹੇ ਗੀਤਾਂ ਨਾਲ ਖਿਲਵਾੜ ਕੀਤਾ ਗਿਆ ਜਾਂ ਵਿਰੋਧ ਕੀਤਾ ਗਿਆ ਤਾਂ ਡਾ. ਬੀ.ਆਰ. ਅੰਬੇਡਕਰ ਸੱਭਿਆਚਾਰਕ ਮੰਚ ਪੰਜਾਬ ਵੱਲੋਂ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਸ੍ਰੀ ਜੱਸੀ ਨੇ ਕਿਹਾ ਕਿ ਗਾਇਕਾ ਮਿਸ ਪੂਜਾ ਨੇ 'ਬੇਗਮਪੁਰਾ ਵਸਾਉਣਾ' ਟਾਈਟਲ ਗੀਤ ਵਿੱਚ ਸਾਰੇ ਦਲਿਤ ਸਮਾਜ ਨੂੰ ਏਕਤਾ ਕਰਨ ਦਾ ਸੁਨੇਹਾ ਅਤੇ ਇੱਕ ਵੱਖਰਾ ਪੰਥ ਚਲਾਉਣ ਦੀ ਸਹੀ ਗੱਲ ਕਹੀ ਹੈ। ਉਕਤ ਸੱਭਿਆਚਾਰਕ ਮੰਚ ਪੰਜਾਬ ਦੇ ਪ੍ਰਧਾਨ ਤਰਸੇਮ ਲਾਲ ਜੱਸੀ ਨੇ ਗਾਇਕ ਯਮਨ ਬੰਟੀ ਵੱਲੋਂ ਗਾਏ ਉਸ ਧਾਰਮਿਕ ਗੀਤ 'ਅੱਜ ਦੇਣ ਗੁਰੂ ਰਵਿਦਾਸ ਦੀ ਅਫਸਰ ਪੁੱਤ ਚਮਾਰਾਂ ਦੇ' ਦੀ ਵੀ ਸ਼ਲਾਘਾ ਕੀਤੀ ਹੈ। ਸ੍ਰੀ ਜੱਸੀ ਨੇ ਅੱਗੇ ਕਿਹਾ ਕਿ ਗਾਇਕ ਯਮਨ ਬੰਟੀ ਦੇ ਇਸ ਗੀਤ ਦੇ ਲੇਖਕ ਰੂਪ ਲਾਲ ਬੰਗੜ ਨੇ ਦਲਿਤ ਕੌਮ ਦੇ ਉਨ੍ਹਾਂ ਅਫਸਰਾਂ ਦਾ ਸਿਰ ਹੋਰ ਉੱਚਾ ਕਰ ਦਿੱਤਾ ਹੈ, ਜਿਹੜੇ ਆਪਣੇ ਆਪ ਨੂੰ (ਰਿਜ਼ਰਵ) ਕੋਟੇ ਵਿੱਚੋਂ ਚੁਣ ਕੇ ਕੁਰਸੀ 'ਤੇ ਬੈਠ ਕੇ ਵੀ ਦਲਿਤ ਕਹਾਉਣਾ ਨਹੀਂ ਚਾਹੁੰਦੇ ਸਨ। ਸ੍ਰੀ ਜੱਸੀ ਨੇ ਕਿਹਾ ਕਿ ਦਲਿਤ ਕੌਮ ਨਾਲ ਜੁੜੇ ਉਨ੍ਹਾਂ ਮਹਾਨ ਕਲਾਕਾਰਾਂ ਅਤੇ ਗੀਤਕਾਰਾਂ ਨੂੰ ਉਕਤ ਸੱਭਿਆਚਾਰਕ ਮੰਚ ਪੰਜਾਬ ਵੱਲੋਂ ਸਨਮਾਨਿਤ ਕੀਤਾ ਜਾਵੇਗਾ। ਜਿਹੜੇ ਦਲਿਤ ਕੌਮ ਅਤੇ ਸਮਾਜ ਆਪਣੇ ਧਾਰਮਿਕ ਅਤੇ ਮਿਸ਼ਨਰੀ ਗੀਤਾਂ ਰਾਹੀਂ ਸਹੀ ਦਿਸ਼ਾ ਨਿਰਦੇਸ਼ ਦਿੰਦੇ ਹਨ।

# ਭਾਰਤੀ ਸੈਰ-ਸਪਾਟਾ ਵਿਸ਼ਵ ਆਰਥਿਕ ਮੰਦੀ ਤੋਂ ਬਾਹਰ ਨਿਕਲਿਆ -ਕੁਮਾਰੀ ਸੈਲਜ਼ਾ

ਚੰਡੀਗੜ੍ਹ, 20 ਜਨਵਰੀ (ਡਾ. ਸਵਾਸਤਿਕ ਸ਼ਰਮਾ)-ਕੇਂਦਰੀ ਸੈਰ ਸਪਾਟਾ ਮੰਤਰੀ ਕੁਮਾਰੀ ਸੈਲਜ਼ਾ ਨੇ ਕਿਹਾ ਕਿ ਭਾਰਤ ਵਿੱਚ ਸੈਰ ਸਪਾਟਾ ਵਿਸ਼ਵ ਅਰਥਚਾਰੇ ਦੀ ਮੰਦੀ ਦੇ ਪ੍ਰਭਾਵਾਂ ਵਿਚੋਂ ਤੇਜ਼ੀ ਨਾਲ ਬਾਹਰ ਨਿਕਲਣ ਵਿੱਚ ਕਾਮਯਾਬ ਰਿਹਾ ਹੈ। ਦਸੰਬਰ, 2009 ਵਿੱਚ ਸੈਲਾਨੀਆਂ ਦੀ ਆਮਦ ਵਿੱਚ 21 ਫੀਸਦੀ ਵਧੀ ਜਦ ਕਿ ਦਸੰਬਰ, 2007 ਵਿੱਚ ਸੈਲਾਨੀਆਂ ਦੀ ਆਮਦ 8 ਫੀਸਦੀ ਵਧੀ ਦਰਜ ਕੀਤੀ ਗਈ। ਮੈਡਰਿਡ ਵਿੱਚ ਕੁਮਾਰੀ ਸੈਲਜ਼ਾ ਨੇ 2010-11 ਲਈ ਸੈਰ ਸਪਾਟਾ ਵਸੂਲੀ ਦੀਆਂ ਚੁਣੌਤੀਆਂ ਤੇ ਭਵਿੱਖਤਾ ਦੀ 5ਵੀਂ ਸੈਰ ਸਪਾਟਾ ਅਗਵਾਈ ਫੋਰਮ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ 2008-09 ਦੌਰਾਨ ਵਿਸ਼ਵ ਅਰਥਚਾਰੇ ਦੀ ਮੰਦੀ ਦੇ ਬਾਵਜੂਦ ਭਾਰਤੀ ਅਰਥਚਾਰਾ ਬਾਕੀ ਦੇਸ਼ਾਂ ਦੇ ਮੁਕਾਬਲੇ ਮਜ਼ਬੂਤ ਰਿਹਾ ਹੈ ਜਿਸ ਕਾਰਨ ਭਾਰਤੀ ਸੈਰ ਸਪਾਟੇ ਉਤੇ ਕੋਈ ਜ਼ਿਆਦਾ ਅਸਰ ਨਹੀਂ ਪਿਆ। 2008-09 ਦੌਰਾਨ ਭਾਰਤ ਦਾ ਕੁੱਲ ਘਰੇਲੂ ਉਤਪਾਦ 6.7 ਫੀਸਦੀ ਵਧਿਆ। ਉਨ੍ਹਾਂ ਨੇ ਦੱਸਿਆ ਕਿ 2008 ਦੌਰਾਨ ਹੋਟਲ ਅਤੇ ਸੈਰ ਸਪਾਟਾ ਖੇਤਰ ਵਿੱਚ ਵਿਦੇਸ਼ੀ ਸਿੱਧੇ ਨਿਵੇਸ਼ ਵਿੱਚ ਕਾਫ਼ੀ ਵਾਧਾ ਹੋਇਆ ਹੈ। 2009 ਵਿੱਚ ਵੀ ਇਸ ਖੇਤਰ ਵਿੱਚ ਵਧਦੇ ਕਦਮ ਰਹੇ ਹਨ। ਸਟਾਰਵੁੱਡ, ਹਿਲਟਨ, ਕਾਰਲਮਨ ਵਰਗੇ ਅੰਤਰਰਾਸ਼ਟਰੀ ਹੋਟਲ ਭਾਵੇਂ ਭਾਰਤ ਵਿੱਚ ਪਹਿਲਾਂ ਹੀ ਆਏ ਸਨ ਪਰ ਉਹ ਹੁਣ ਸਿੱਧੇ ਵਿਦੇਸ਼ੀ ਨਿਵੇਸ਼ ਵਿੱਚ ਕੰਮ ਕਰ ਰਹੇ ਹਨ। ਇਹੋ ਕਾਰਨ ਹੈ ਕਿ ਸਾਲ ਦੇ ਪਿਛਲੇ ਕੁੱਝ ਮਹੀਨਿਆਂ ਵਿੱਚ ਭਾਰਤ ਵਿੱਚ ਸੈਰ ਸਪਾਟਾ ਨੂੰ ਕਾਫ਼ੀ ਪ੍ਰੋਤਸਾਹਨ ਮਿਲਿਆ ਹੈ ਤੇ ਸੈਰ ਸਪਾਟੇ ਦੀ ਕਾਰਗੁਜ਼ਾਰੀ ਵੀ ਵਧੀਆ ਰਹੀ ਹੈ। ਉਨ੍ਹਾਂ ਦੱਸਿਆ ਕਿ ਭਾਰਤ ਸਰਕਾਰ ਵੱਲੋਂ ਦੇਸ਼ ਵਿੱਚ ਰੋਜ਼ਗਾਰ ਦੇ ਮੌਕੇ ਮੁਹੱਈਆ ਕਰਵਾਉਣ ਲਈ ਕਈ ਨੀਤੀਆਂ ਉਲੀਕੀਆਂ ਗਈਆਂ। ਉਨ੍ਹਾਂ ਨੇ ਰੋਜ਼ਗਾਰ ਦੇ ਮੌਕੇ ਪੈਦਾ ਕਰਨ ਅਤੇ ਕਿੱਤਾ ਮੁੱਖੀ ਪੱਧਰ ਉਚਾ ਕਰਨਾ ਪ੍ਰਧਾਨ ਮੰਤਰੀ ਦੇ ਮਿਸ਼ਨ ਬਾਰੇ ਜਾਣਕਾਰੀ ਵੀ ਦਿੱਤੀ। ਇਸ ਮੌਕੇ 'ਤੇ ਬ੍ਰਿਟਿਸ਼ ਸੈਰ ਸਪਾਟਾ ਬੋਰਡ ਦੇ ਚੇਅਰਮੈਨ, ਕੌਮੀ ਚੀਨ ਸੈਰ ਸਪਾਟਾ ਪ੍ਰਬੰਧ ਦੇ ਵਾਇਸ ਚੇਅਰਮੇਨ ਅਤੇ ਹੋਰ ਵੱਖ ਵੱਖ ਦੇਸ਼ਾਂ ਦੇ ਸਬੰਧਤ ਉਚ ਅਧਿਕਾਰੀ ਸ਼ਾਮਿਲ ਸਨ।

# ਬਿੱਗ ਬਜ਼ਾਰ ਵਿਖੇ 'ਸਭ ਤੋਂ ਸਸਤੇ 4 ਦਿਨ' ਆਫਰ 23 ਤੋਂ 26 ਤੱਕ

ਲੁਧਿਆਣਾ, 20 ਜਨਵਰੀ (ਰਾਜ ਜੋਸ਼ੀ)-ਸਥਾਨਿਕ ਜਲੰਧਰ ਰੋਡ ਉਪਰ ਸਥਿਤ ਦੇਸ਼ ਦੀ ਸਭ ਤੋਂ ਵੱਡੀ ਹਾਈਪਰ ਮਾਰਕੀਟ ਲੜੀ ਅਤੇ ਤਿਉਹਾਰ ਗਰੁਪ ਦੇ ਹਿੱਸੇ ਬਿੱਗ ਬਜ਼ਾਰ ਮਾਰਕੀਟ ਲੜੀ ਅਤੇ ਫਿਉਦਰ ਗਰੁੱਪ ਦੇ ਹਿੱਸੇ ਬਿੱਗ ਬਜ਼ਾਰ ਵਿਖੇ ਪਹਿਲਾਂ ਦੀ ਤਰ੍ਹਾਂ 26 ਜਨਵਰੀ ਦੇ ਜਸ਼ਨ ਵਿੱਚ ਵਾਧਾ ਕਰਦਿਆਂ ਉਪਭੋਗਤਾਵਾਂ, ਗ੍ਰਾਹਕਾਂ ਲਈ ਸਭ ਤੋਂ ਸਸਤੇ ਦਿਨ ਦੀ ਪੇਸ਼ਕਸ਼ ਕੀਤੀ ਗਈ ਹੈ, ਜਿਹੜੀ 23 ਜਨਵਰੀ ਤੋਂ 26 ਜਨਵਰੀ ਤੱਕ ਚੱਲੇਗੀ। ਇਸ ਸੰਬੰਧੀ ਅੱਜ ਇੱਕ ਪ੍ਰੈਸ ਮਿਲਣੀ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਥਾਨਿਕ ਬਿੱਗ ਬਜ਼ਾਰ ਦੇ ਸਟੋਰ ਮੈਨੇਜਰ ਸ੍ਰੀ ਵੇਧਆਨ ਵਿਸ਼ਵਾਸ ਨੇ ਦੱਸਿਆ ਕਿ ਜਿਸ ਤਰ੍ਹਾਂ ਪਿਛਲੇ ਸਾਲ ਅਸੀਂ 3 ਦਿਨਾਂ ਦੀ ਆਫਰ ਲੋਕਾਂ ਲਈ ਦਿੱਤੀ ਸੀ ਤੇ ਸਾਨੂੰ ਚੰਗਾ ਹੁੰਗਾਰਾ ਲੋਕਾਂ ਤੋਂ ਮਿਲਿਆ ਹੈ। 52 ਹਜ਼ਾਰ ਲੋਕੀਂ ਇੱਥੇ ਆਏ ਸਨ, ਉਸ ਤਰ੍ਹਾਂ ਅਸੀਂ ਇਸ ਵਾਰ ਇੱਕ ਦਿਨ ਲੱਗ ਕੇ 4 ਦਿਨਾਂ ਦੀ ਆਫਰ ਕੀਤੀ ਹੈ ਤਾਂ ਜੋ ਹੋਰ ਵਧ ਲੋਕ ਇਸ ਦਾ ਲਾਭ ਲੈ ਸਕਣ। ਉਨ੍ਹਾਂ ਕਿਹਾ ਕਿ ਇਸ ਸਾਲ ਅਸੀਂ ਗਣਤੰਤਰ ਦਿਵਸ 'ਤੇ ਵੱਖ-ਵੱਖ ਸ਼੍ਰੇਣੀਆਂ ਜਿਵੇਂ ਫੈਸ਼ਨ, ਫੂਡ, ਇਲੈਕਟ੍ਰਾਨਿਕਸ, ਘਰੇਲੂ ਜ਼ਰੂਰਤਾਂ ਦੀਆਂ ਵਸਤਾਂ, ਫਰਨੀਚਰ ਸਮੇਤ ਬਹੁਤ ਸਾਰੀਆਂ ਵਸਤਾਂ ਉਪਰ ਭਾਰੀ ਛੋਟ ਦਿੱਤੀ ਹੈ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੀ ਆਫਰ ਦੇਸ਼ ਭਰ ਦੇ ਬਿੱਗ ਬਜ਼ਾਰਾਂ ਵਿਖੇ ਗਾਹਕਾਂ ਲਈ ਲਾਈ ਗਈ ਹੈ। ਉਨ੍ਹਾਂ ਦੱਸਿਆ ਕਿ ਇੰਟਰਨੈੱਟ ਪ੍ਰੇਮੀ ਗਾਹਕ ਇਹ ਆਫਰਜ਼ ਇੰਟਰਨੈੱਟ 'ਤੇ ਵੀ ਹਾਸਲ ਕਰ ਸਕਦੇ ਹਨ।

# ਜ਼ਿਲ੍ਹਾ ਕਚਹਿਰੀ ਬਾਹਰ ਹੋਏ ਗੋਲੀ ਕਾਂਡ ਦੀ ਜਾਂਚ ਦੇ ਆਦੇਸ਼

ਅੰਮ੍ਰਿਤਸਰ, 20 ਜਨਵਰੀ (ਮੋਤਾ ਸਿੰਘ)-15 ਜਨਵਰੀ ਨੂੰ ਜ਼ਿਲ੍ਹਾ ਕਚਹਿਰੀ ਵਿੱਚ ਚਲਾਈ ਗਈ ਗੋਲੀ ਦੇ ਮਾਮਲੇ ਵਿੱਚ ਪੁਲਿਸ ਨੇ ਦੋਸ਼ੀਆਂ ਨੂੰ ਗ੍ਰਿਫਤਾਰ ਕਰਨ ਦਾ ਦਾਅਵਾ ਕੀਤਾ ਹੈ। ਜ਼ਿਲ੍ਹਾ ਪੁਲਿਸ ਮੁਖੀ ਸ੍ਰੀ ਪੀ.ਕੇ. ਰਾਏ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਇਸ ਸੰਬੰਧੀ ਮੁਕੱਦਮਾ ਦਰਜ ਕਰਨ ਉਪਰੰਤ ਸ੍ਰ. ਲਖਬੀਰ ਸਿੰਘ ਡੀ.ਐੱਸ.ਪੀ. ਉੱਤਰੀ ਅੰਮ੍ਰਿਤਸਰ ਦੀ ਨਿਗਰਾਨੀ ਹੇਠ ਇੰਸਪੈਕਟਰ ਦਵਿੰਦਰ ਸਿੰਘ ਐੱਸ.ਐੱਚ.ਓ. ਸਿਵਲ ਲਾਈਨ ਤੇ ਹੋਰ ਵੱਖ-ਵੱਖ ਟੀਮਾਂ ਗਠਿਤ ਕਰਕੇ ਦੋਸ਼ੀਆਂ ਨੂੰ ਗ੍ਰਿਫਤਾਰ ਕਰਨ ਲਈ ਭੇਜਿਆ। ਪੁਲਿਸ ਨੇ ਮਿਹਨਤ ਕਰਕੇ ਇਸ ਕਾਂਡ ਦੇ ਦੋਸ਼ੀ ਅਭਿਜੀਤ ਉਰਫ ਅੰਕੁਰ ਲਿਖਾਰੀ ਪੁੱਤਰ ਭਗਵੰਤ ਸਿੰਘ ਵਾਸੀ ਜੇਠੂਵਾਲ ਤੇ ਸੰਜੀਵ ਕੁਮਾਰ ਉਰਫ ਬੱਬਾ ਪੁੱਤਰ ਭੂਸ਼ਣ ਲਾਲ, ਵਾਸੀ ਨਿਊ ਪ੍ਰਤਾਪ ਨਗਰ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਪੁਲਿਸ ਨੇ ਅੰਕੁਰ ਲਿਖਾਰੀ ਪਾਸੋਂ ਇੱਕ ਪਿਸਤੌਲ 7.62 ਅਤੇ ਦੋ ਰੌਂਦ ਜ਼ਿੰਦਾ ਤੇ ਸੰਜੀਵ ਕੁਮਾਰ ਤੋਂ ਇੱਕ ਰਿਵਾਲਵਰ ਤੇ ਵਾਰਦਾਤ ਵਿੱਚ ਵਰਤੀ ਸਕਾਰਪੀਓ ਗੱਡੀ ਬਰਾਮਦ ਕਰ ਲਈ ਹੈ। ਇਸ ਕਾਂਡ ਵਿੱਚ ਰਾਜੂ ਚਿਕਨਾ ਦੀ ਮੌਤ ਹੋ ਗਈ ਸੀ। ਦੱਸਿਆ ਜਾਂਦਾ ਹੈ ਕਿ ਇਹ ਕਾਂਡ ਦੋ ਗਰੁੱਪਾਂ ਦੀ ਆਪਸੀ ਖਹਿਬਾਜ਼ੀ ਕਾਰਨ ਵਾਪਰਿਆ ਸੀ।

# ਫੌਜ ਦੀ ਭਰਤੀ ਲਈ ਅੰਮ੍ਰਿਤਸਰ, ਤਰਨ ਤਾਰਨ ਅਤੇ ਗੁਰਦਾਸਪੁਰ ਦੇ ਨੌਜਵਾਨਾਂ ਦੀ ਪ੍ਰੀ ਰਿਕਰੂਟਮੈਂਟ ਟ੍ਰੇਨਿੰਗ ਅੱਜ ਤੋਂ

ਜਲੰਧਰ, 20 ਜਨਵਰੀ (ਸਰਬਜੀਤ ਵਾਲੀਆ)-ਜ਼ਿਲ੍ਹਾ ਸੈਨਿਕ ਭਲਾਈ ਦਫਤਰ ਵਿੱਚ 21 ਅਤੇ 22 ਜਨਵਰੀ 2010 ਨੂੰ ਜ਼ਿਲ੍ਹਾ ਸੈਨਿਕ ਭਲਾਈ ਦਫਤਰ ਜਲੰਧਰ ਵਿੱਚ ਟ੍ਰੇਨਿੰਗ ਕੈਂਪ ਸ਼ੁਰੂ ਕੀਤਾ ਜਾਵੇਗਾ। ਇਹ ਜਾਣਕਾਰੀ ਦਿੰਦਿਆਂ ਕਰਨਲ ਮਨਮੋਹਨ ਸਿੰਘ ਜ਼ਿਲ੍ਹਾ ਸੈਨਿਕ ਭਲਾਈ ਅਫਸਰ ਜਲੰਧਰ ਨੇ ਦੱਸਿਆ ਕਿ ਅੰਮ੍ਰਿਤਸਰ, ਤਰਨ ਤਾਰਨ, ਗੁਰਦਾਸਪੁਰ ਜ਼ਿਲ੍ਹਿਆਂ ਦੇ ਨੌਜਵਾਨਾਂ ਦੀ ਭਰਤੀ 17 ਫਰਵਰੀ ਤੋਂ 24 ਫਰਵਰੀ ਤੱਕ ਤਿੱਬੜੀ ਕੈਂਟ ਗੁਰਦਾਸਪੁਰ ਵਿਖੇ ਹੋਵੇਗੀ, ਜਿਸ ਵਿੱਚ ਮਾਝੇ ਖੇਤਰ ਨਾਲ ਸੰਬੰਧਤ ਨੌਜਵਾਨਾਂ ਨੂੰ ਸੈਨਾ ਵਿੱਚ ਭਰਤੀ ਹੋਣ ਦੇ ਮੌਕੇ ਮਿਲ ਸਕਣਗੇ। ਉਨ੍ਹਾਂ ਕਿਹ ਕਿ ਰਿਕਰੂਟਮੈਂਟ ਕੈਂਪ ਜ਼ਿਲ੍ਹਾ ਸੈਨਿਕ ਭਲਾਈ ਦਫਤਰ ਜਲੰਧਰ ਵਿਖੇ ਲਗਾਇਆ ਜਾ ਰਿਹਾ ਹੈ। ਇਸ ਕੈਂਪ ਵਿੱਚ ਲੋੜਵੰਦ ਉਮੀਦਵਾਰਾਂ ਨੂੰ ਮੁਫਤ ਹੋਸਟਲ ਦੀ ਸੁਵਿਧਾ ਦਿੱਤੀ ਜਾਵੇਗੀ। ਸਾਬਕਾ ਸੈਨਿਕ ਅਨੁਸੂਚਿਤ ਜਾਤੀ ਅਤੇ ਅਨੁਸੂਚਿਤ ਕਬੀਲਿਆਂ ਦੇ ਨੌਜਵਾਨਾਂ ਨੂੰ ਮੁਫਤ ਖਾਣੇ ਦੀ ਸਹੂਲਤ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਇਸ ਕੈਂਪ ਸੰਬੰਧੀ ਵਧੇਰੇ ਜਾਣਕਾਰੀ ਪ੍ਰਾਪਤ ਕਰਨ ਲਈ ਟੈਲੀਫੋਨ ਨੰਬਰ 94170-24331 'ਤੇ ਸੰਪਰਕ ਕਰ ਸਕਦੇ ਹਨ।

# ਇਨਾਮ ਵੰਡ ਸਮਾਰੋਹ ਦਾ ਆਯੋਜਨ

ਬੁਢਲਾਡਾ, 20 ਜਨਵਰੀ (ਦਵਿੰਦਰ ਸਿੰਘ ਕੋਹਲੀ)-ਮਾਤਾ ਕੌਲਾਂ ਜੀ ਭਲਾਈ ਕੇਂਦਰ ਸ੍ਰੀ ਅੰਮ੍ਰਿਤਸਰ ਸਾਹਿਬ ਜ਼ੋਨ ਮਾਨਸਾ ਵੱਲੋਂ 300 ਸਾਲਾ ਗੁਰਬਾਣੀ ਕੰਠ ਦੇ ਨਾਲ ਭਾਗ ਤੀਜਾ ਲੜੀ ਤਹਿਤ ਅਕਾਲ ਅਕੈਡਮੀ ਕੌੜੀਵਾੜਾ ਜ਼ਿਲ੍ਹਾ ਮਾਨਸਾ ਵਿਖੇ ਇਨਾਮ ਵੰਡ ਸਮਾਰੋਹ ਕਰਵਾਇਆ ਗਿਆ। ਇਸ ਮੁਕਾਬਲੇ ਵਿੱਚ ਬੱਚਿਆਂ ਦੇ 7 ਵਾਈਟ ਕੂਪਨ ਪ੍ਰਾਪਤ ਕੀਤੇ ਸਨ ਜਾਂ ਜਿਨ੍ਹਾਂ ਬੱਚਿਆਂ ਦੇ ਕੂਪਨ ਦੇ ਅਖੀਰਲੇ ਅੰਕ 08 ਸਨ, ਉਨ੍ਹਾਂ ਬੱਚਿਆਂ ਨੂੰ ਘੜੀਆਂ, ਸਾਇੰਟੇਫਿਕ ਕੈਲਕੂਲੇਟਰ ਐਤ ਏਅਰ ਬੈਗ ਤਕਸੀਮ ਕੀਤੇ ਗਏ। ਇਸ ਇਨਾਮ ਵੰਡ ਸਮਾਰੋਹ ਦੀ ਕਾਰਵਾਈ ਜ਼ੋਨ ਮਾਨਸਾ ਵੱਲੋਂ ਜ਼ੋਨ ਇੰਚਾਰਜ ਭਾਈ ਹੀਰਾ ਸਿੰਘ, ਅਕਾਲ ਅਕੈਡਮੀ, ਕੌੜੀਵਾਲਾ ਪ੍ਰਿੰਸੀਪਲ ਜੈ ਬਾਲਾ, ਧਾਰਮਿਕ ਟੀਚਰ ਅਰਵਿੰਦਰ ਕੌਰ, ਸ੍ਰ. ਨਵਦੀਪ ਸਿੰਘ ਅਤੇ ਸਹਿਯੋਗੀ ਮੈਂਬਰ ਮਾਸਟਰ ਕੁਲਵੰਤ ਸਿੰਘ ਬੁਢਲਾਡਾ, ਪ੍ਰੈੱਸ ਸੱਕਤਰ ਸ੍ਰ. ਦਵਿੰਦਰ ਸਿੰਘ ਕੋਹਲੀ ਬੁਢਲਾਡਾ, ਸ੍ਰ. ਤਰਲੋਚਨ ਸਿੰਘ ਨਰੂਲਾ, ਪਰਮਜੀਤ ਸਿੰਘ ਖਾਲਸਾ ਬੁਢਲਾਡਾ ਵੱਲੋਂ ਅਦਾ ਕੀਤੀ ਗਈ। ਕਰੀਏ ਕੇਸਾਂ ਨਾਲ ਪਿਆਰ, ਪਾਈਏ ਨਸ਼ਿਆਂ ਨੂੰ ਫਿਟਕਾਰ, 300 ਸਾਲ ਸਿੱਖੀ ਸਰੂਪ ਦੇ ਨਾਲ। ਇਹ ਉਪਰਾਲਾ 26 ਜਨਵਰੀ 2010 ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਆਰੰਭ ਕੀਤਾ ਜਾ ਰਿਹਾ ਹੈ। ਪ੍ਰੈੱਸ ਨੂੰ ਇਸਦੀ ਜਾਣਕਾਰੀ ਜ਼ੋਨ ਮਾਨਸਾ ਇੰਚਾਰਜ ਭਾਈ ਹੀਰਾ ਸਿੰਘ ਅਤੇ ਮਾਸਟਰ ਕੁਲਵੰਤ ਸਿੰਘ ਬੁਢਲਾਡਾ ਵੱਲੋ ਦਿੱਤੀ ਗਈ।

# ਬਸੰਤ ਪੰਚਮੀ 'ਤੇ ਰੰਗਾਰੰਗ ਪ੍ਰੋਗਰਾਮ

ਮੋੜ ਮੰਡੀ 20 ਜਨਵਰੀ (ਸ਼ਾਮ ਲਾਲ ਜੋਧਪੁਰੀਆ) – ਅੱਜ ਇਥੇ ਓਮ ਪ੍ਰਕਾਸ਼ ਬਚਨੀ ਦੇਵੀ ਸਰਵਹਿਤਕਾਰੀ ਵਿੱਦਿਆ ਮੰਦਿਰ ਵਿਖੇ ਬਸੰਤਪੰਚਮੀ ਦਾ ਤਿਉਹਾਰ ਹਰ ਸਾਲ ਦੀ ਤਰਾਂ ਧੂਮ ਧਾਮ ਨਾਲ ਮਨਾਇਆ ਗਿਆ । ਸਕੂਲ ਦੇ ਬਹੁਤੇ ਅਧਿਆਪਕ ਅਤੇ ਬੱਚੇ ਬਸੰਤੀ (ਪੀਲੇ, ਸੰਤਰੀ ਆਦਿ) ਰੰਗਾਂ ਦੀਆਂ ਪੁਸ਼ਾਕਾਂ ਪਹਿਨ ਕੇ ਸਕੂਲ ਪਹੁੰਚੇ ਅਤੇ ਸਾਰਾ ਸਕੂਲ ਬਸੰਤੀ ਰੰਗ ਚ ਰੰਗ ਗਿਆ । ਬਸੰਤੀ ਰੰਗ ਚ ਹੀ ਰੰਗਿਆ ਭੋਜਣ (ਪੀਲੇ ਚਾਵਲ, ਹਲਵਾ) ਕਰਨ ਤੋਂ ਬਾਅਦ ਸਰਸਵਤੀ ਪੂਜਨ ਕੀਤਾ ਗਿਆ । ਅਧਿਆਪਕਾਂ ਵੱਲੋਂ ਬਸੰਤ ਦੇ ਮਹੱਤਵ, ਸਰਸਵਤੀ ਪੂਜਨ, ਹਕੀਕਤ ਰਾਏ ਦੇ ਬਲੀਦਾਨ ਦਿਵਸ ਅਤੇ ਸਤਿਗੁਰ ਰਾਮ ਸਿੰਘ ਜੀ ਦੇ ਪ੍ਰਕਾਸ਼ ਉਤਸਵ ਤੇ ਚਾਨਣਾ ਪਾਇਆ ਗਿਆ । ਬੱਚਿਆਂ ਵੱਲੋਂ ਗੀਤ, ਕਵਿਤਾ, ਗਿੱਧਾ ਭੰਗੜਾ ਆਦਿ ਦਾ ਰੰਗਾਰੰਗ ਕਾਰਜਕਰਮ ਪੇਸ਼ ਕੀਤਾ ਗਿਆ । ਅੰਤ ਵਿੱਚ ਪਤੰਗ ਬਾਜੀ ਦਾ ਬਹੁਤ ਹੀ ਆਨੰਦ ਦਾਇਕ ਆਯੋਜਨ ਕੀਤਾ ਗਿਆ ਅਤੇ ਬੱਚਿਆਂ ਦਾ ਉਤਸ਼ਾਹ ਦੇਖਣ ਯੋਗ ਸੀ । ਸਕੂਲ ਦੇ ਪ੍ਰਬੰਧਕ ਸ੍ਰੀ ਰਜੇਸ਼ ਜੈਨ ਸਾਬਕਾ ਪ੍ਰਧਾਨ ਨਗਰ ਕੌਂਸਲ ਮੋੜ ਅਤੇ ਪ੍ਰਧਾਨ ਅਚਾਰਿਆ ਸੰਜੀਵ ਕੁਮਾਰ ਨੇ ਦੱਸਿਆ ਕਿ ਇਸ ਸੰਸਥਾ ਵਿੱਚ ਸਮੇਂ ਸਮੇਂ ਤੇ ਆਯੋਜਿਤ ਕੀਤੇ ਜਾਣ ਵਾਲੇ ਅਜਿਹੇ ਕਾਰਜ ਕਰਮਾਂ ਰਾਹੀਂ ਨਵੀਂ ਪੀੜ੍ਹੀ ਨੂੰ ਇਤੀਹਾਸ, ਸਭਿਆਚਾਰ ਵਿਰਸੇ ਨਾਲ ਜੋੜਨ ਦਾ ਉਪਰਾਲਾ ਕੀਤਾ ਜਾਂਦਾ ਹੈ । ਇਸ ਮੋਕੇ ਤੇ ਮਹਿੰਦਰ ਪਾਲ ਗੋਇਲ, ਅਸ਼ੋਕ ਕੁਮਾਰ ਵਕੀਲ, ਵਿਜੈ ਕੁਮਾਰ ਸਿੰਗਲਾ, ਮਹਾਂਵੀਰ ਪ੍ਰਸਾਦ ਮੰਗਲਾ ਤੇ ਵੱਡੀ ਗਿਣਤੀ ਵਿੱਚ ਪ੍ਰਬੰਧਕ ਹਾਜਿਰ ਸਨ ।




# ਬਸੰਤ ਰੁੱਤ ਦੀ ਆਮਦ ਦੀ ਖੁਸ਼ੀ ਵਿੱਚ ਸੀ.ਟੀ. ਪਬਲਿਕ ਸਕੂਲ ਵਿੱਚ ਪਤੰਗਬਾਜ਼ੀ

ਜਲੰਧਰ, 20 ਜਨਵਰੀ (ਸਿੱਖਿਆ ਪ੍ਰਤੀਨਿਧੀ)-ਅੱਜ ਬਸੰਤ ਰੁਤ ਦੀ ਆਦਮ ਦੀ ਖੁਸ਼ੀ ਵਿੱਚ ਸੀ.ਟੀ. ਪਬਲਿਕ ਸਕੂਲ ਜਲੰਧਰ ਵਿੱਚ ਬੱਚਿਆਂ ਨੇ ਪਤੰਗਬਾਜ਼ੀ ਦਾ ਆਨੰਦ ਮਾਣਿਆ। ਅਤਿ ਦੀ ਠੰਢ ਦੇ ਬਾਵਜੂਦ ਵੀ ਬੱਚਿਆਂ ਨੇ ਪਤੰਗ ਉਡਾਉਂਦੇ ਪੂਰਾ ਜੋਸ਼ ਅਤੇ ਉਤਸ਼ਾਹ ਵਿਖਾਇਆ। ਬਸੰਤ ਰੁੱਤ ਆਉਣ ਨਾਲ ਅਕਸਰ ਇਹ ਕਥਤ ਸੱਚ ਹੋ ਜਾਂਦਾ ਹੈ ਕਿ 'ਆਈ ਬਸੰਤ ਪਾਲਾ ਉਡੰਤ' ਪਰ ਅੱਜ ਅੰਤਾਂ ਦੀ ਠੰਢ ਹੋਣ 'ਤੇ ਵੀ ਬੱਚਿਆਂ ਨੇ ਖੂਬ ਆਨੰਦ ਮਾਣਦਿਆਂ ਇਹ ਵੀ ਉਮੀਦ ਕੀਤੀ ਕਿ ਬਸੰਤ ਆਉਣ ਨਾਲ ਅੰਗ ਠਾਰਵੀਂ ਸਰਦੀ ਤੋਂ ਛੁਟਕਾਰਾ ਜ਼ਰੂਰ ਮਿਲੇਗਾ। ਸਕੂਲ ਦੇ ਕੋਚੇਅਰਪਰਸਨ ਸ੍ਰੀਮਤੀ ਪਰਮਿੰਦਰ ਕੌਰ ਅਤੇ ਸ੍ਰੀਮਤੀ ਤਾਨਿਕਾ ਨੇ ਸਕੂਲ ਦੇ ਬੱਚਿਆਂ ਅਤੇ ਪ੍ਰਿੰਸੀਪਲ ਸ੍ਰੀਮਤੀ ਲਖਵਿੰਦਰ ਕੌਰ ਨਾਲ ਪਤੰਗ ਉਡਾ ਕੇ ਬਸੰਤ ਰੁਤ ਦਾ ਸਵਾਗਤ ਕੀਤਾ। ਬੱਚਿਆਂ ਨੇ ਅਸਮਾਨ ਵਿੱਚ ਪੀਲੀਆਂ ਪਤੰਗਾਂ ਉਡਾ ਕੇ ਖੇਤਾਂ ਵਿੱਚ ਸਰ੍ਹੋਂ ਦੇ ਬਸੰਤੀ ਰੰਗੇ ਫੁੱਲਾਂ ਦੀ ਯਾਦ ਤਾਜ਼ਾ ਕਰਾ ਦਿੱਤੀ। ਸਕੂਲ ਦੇ ਪ੍ਰਿੰਸੀਪਲ ਸ੍ਰੀਮਤੀ ਲਖਵਿੰਦਰ ਕੌਰ ਨੇ ਇਸ ਰੁੱਤ ਦੇ ਸੁਆਗਤ ਵਿੱਚ ਬੱਚਿਆਂ ਨੂੰ ਦੱਸਿਆ ਕਿ ਇਸ ਰੁੱਤ ਸੰਬੰਧੀ ਗੁਰੂ ਅੰਗਦ ਦੇਣ ਜੀ ਲਿਖਦੇ ਹਨ-ਜਿਸ ਆਤਮਾ ਵਿੱਚ ਪ੍ਰਮਾਤਮਾ ਵੱਸਿਆ ਹੁੰਦਾ ਹੈ, ਉਹ ਬਸੰਤ ਰੁੱਤ ਵਾਂਗ ਖੁਸ਼ ਰਹਿੰਦੇ ਹਨ। 'ਨਾਨਕ ਤਿਨਾ ਬਸੰਤ ਹੈ, ਜਿਤ ਘਰਿ ਵਸਿਆ ਕੰਤ' ਉਨ੍ਹਾਂ ਨੇ ਇਹ ਵੀ ਦੱਸਿਆ ਕਿ ਮਿਥਿਹਾਸ ਅਨੁਸਾਰ ਬਸੰਤ ਰੁੱਤ ਵਿੱਚ ਹੀ ਵਿੱਦਿਆ ਤੇ ਸੰਗੀਤ ਦੇਵੀ ਦਾ ਜਨਮ ਹੋਇਆ, ਜਿਸ ਕਰਕੇ ਇਸ ਰੁੱਤ ਦੀ ਮਹਾਨਤਾ ਹੋਰ ਵੀ ਵੱਧ ਜਾਂਦੀ ਹੈ।

# ਕਾਲਜ 'ਚ ਬਸੰਤ ਪੰਚਮੀ ਦਾ ਤਿਉਹਾਰ ਮਨਾਇਆ

ਮੋਹਾਲੀ, 20 ਜਨਵਰੀ (ਵੀਨਾ ਰਾਜਪੂਤ)-ਆਰੀਅਨ ਗਰੁੱਪ ਆਫ ਕਾਲਜਸ ਨੇ ਬਸੰਤ ਪੰਚਮੀ ਦਾ ਤਿਉਹਾਰ ਆਪਣੇ ਕਲੇਜ ਕੈਂਪਸ ਵਿੱਚ ਬੜੀ ਧੂਮਧਾਮ ਨਾਲ ਮਨਾਇਆ। ਇਹ ਤਿਉਹਾਰ ਬੜੇ ਹੀ ਉਤਸ਼ਾਹ ਨਾਲ ਮਨਾਇਆ ਗਿਆ। ਇਹ ਤਿਉਹਾਰ ਸਰਦੀਆਂ ਦੇ ਅੰਤ ਦਾ ਪ੍ਰਤੀਕ ਹੈ। ਇੰਸੀਚਿਊਟ ਦੇ ਮੈਂਬਰਾਂ ਨੇ ਪੂਰੇ ਕੈਂਪਸ ਨੂੰ ਪੀਲੀ ਰੰਗੋਲੀ ਨਾਲ ਸਜਾਇਆ। ਸਾਰੇ ਸਟਾਫ ਮੈਬਰਾਂ ਨੇ ਪੀਲੇ ਰੰਗ ਦੇ ਕੱਪੜੇ ਪਾਏ ਹੋਏ ਸਨ ਅਤੇ ਇਸ ਮੌਕੇ ਤੇ ਪੀਲੇ ਰੰਗ ਦੇ ਚਾਵਲ ਵੀ ਉੱਥੇ ਉਪਸਥਿਤ ਲੋਕਾਂ ਵਿੱਚ ਵੰਡੇ ਗਏ। ਇਸ ਪ੍ਰੋਗਰਾਮ ਦੀ ਆਰੀਅਨ ਗਰੁੱਪ ਦੇ ਚੈਅਰਮੇਨ ਡਾ: ਅੰਸ਼ੂ ਕਟਾਰੀਆ ,ਚੈਅਰਮੇਨ ਦੇ ਦੁਆਰਾ ਕਾਫੀ ਸਰਾਹਨਾ ਕੀਤੀ ਗਈ। ਇਸ ਮੌਕੇ ਪ੍ਰੋਫੈਸਰ ਡੀ ਸੀ ਕਟਾਰਿਆ, ਵਾਈਸ ਚੇਅਰਮੈਨ, ਆਰੀਅਨਜ਼ ਗਰੁਪ; ਡਾ (ਮਿਸਿਜ) ਪ੍ਰਵੀਨ ਕਟਾਰਿਆ, ਡਾਇਰੈਕਟਰ ਜਨਰਲ, ਆਰੀਅਨਜ਼ ਗਰੁਪ; ਡਾ. ਕੇ ਕੇ ਮੰਗਲਾ; ਡਾ. ਡੀ ਪੀ ਸਿੰਘ; ਡਾ. ਏ ਐਸ ਬਲਗੀਰ ਅਤੇ ਡਾ. (ਮਿਸਿਜ) ਮਨਜੀਤ ਕਾਲਰਾ ਵੀ ਹਾਜ਼ਰ ਸਨ। ਇੱਥੇ ਇਹ ਵਰਨਣਯੋਗ ਹੈ ਕਿ ਮਾਘ ਦੇ ਚੰਦਰਮਾਸ ਦੇ ਪੰਜਵੇਂ ਦਿਨ ਮਨਾਇਆ ਜਾਂਦਾ ਹੈ। ਇਸ ਪੰਚਮੀ ਨੂੰ ਸਰਸਵਤੀ ਦਿਵਸ ਦੇ ਰੂਪ ਵਿੱਚ ਮਨਾਇਆ ਜਾਂਦਾ ਹੈ ਕਿਉਂਕਿ ਇਹ ਮੰਨਿਆ ਜਾਂਦਾ ਹੈ ਕਿ ਇਸ ਦਿਨ ਸਰਸਵਤੀ ਮਾਤਾ ਦਾ ਜਨਮ ਦਿਨ ਸੀ। ਪੀਲੇ ਰੰਗ ਨੂੰ ਇਸ ਦਿਨ ਜਿਆਦਾ ਮਹੱਤਵ ਦਿੱਤਾ ਜਾਂਦਾ ਹੈ। ਪੀਲੇ ਰੰਗ ਦੀਆ ਮਿਠਾਈਆ ਦੋਸਤਾਂ ਅਤੇ ਰਿਸ਼ਤੇਦਾਰਾਂ ਵਿੱਚ ਵੰਡੀਆਂ ਜਾਂਦੀਆਂ ਹਨ।

## ਤਿੰਨ ਰਾਜਪੂਤ...

ਸਫ਼ਾ 1 ਦੀ ਬਾਕੀ

ਹੱਡੀ ਹੈ ਅਤੇ ਅਸੀ ਇਨ੍ਹਾਂ ਦੀ ਭਲਾਈ ਲਈ ਵਚਨਬੱਧ ਹਾਂ। ਇਸੇ ਦੌਰਾਨ ਰਾਠੌਰ ਰਾਜਪੂਤ ਭਾਈਚਾਰੇ ਨੇ ਸ. ਬਾਦਲ ਨੂੰ ਵਿਸ਼ਵਾਸ ਦੁਆਇਆ ਕਿ ਉਹ ਹਰ ਵੇਲੇ ਉਨ੍ਹਾਂ ਨੂੰ ਆਪਣੀਆਂ ਸੇਵਾਵਾਂ ਦੇਣ ਲਈ ਤਿਆਰ ਹਨ।

## ਪੰਜਾਬ ਕੈਬਨਿਟ..

ਸਫ਼ਾ 1 ਦੀ ਬਾਕੀ

ਅਤੇ ਇੱਕ ਨਤੀਜੇ ਉੱਤੇ ਨਹੀਂ ਹਨ, ਜਿਵੇਂ ਕਿ ਕਮੇਟੀ ਤੇ ਸਰਕਾਰੀ ਮੁਲਾਜ਼ਮਾਂ ਦੀ ਰਿਟਾਇਰਮੈਂਟ ਦੀ ਉਮਰ 58 ਸਾਲ ਤੋਂ ਵਧਾ ਕੇ 60 ਸਾਲ ਕਰਨ ਦੀ ਸਿਫਾਰਸ਼ ਕੀਤੀ ਹੈ। ਪਰ ਪੰਜਾਬ ਦੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਇਸ ਵਧਾਈ ਰਿਟਾਇਰਮੈਂਟ ਉਮਰ ਨਾਲ ਸਹਿਮਤ ਨਹੀਂ ਹਨ। ਉਹ ਪਿਛਲੇ ਤਿੰਨ ਸਾਲਾਂ ਤੋਂ ਉਮਰ ਵਧਾਉਣ ਦਾ ਵਿਰੋਧ ਕਰਦੇ ਆ ਰਹੇ ਹਨ। ਮੋਟਰਾਂ 'ਤੇ 50 ਰੁਪਏ ਪ੍ਰਤੀ ਹਾਰਸ ਪਾਵਰ ਬਿੱਲ ਲਗਾਉਣਾ, ਬੱਸ ਕਿਰਾਏ ਵਿੱਚ 13 ਪ੍ਰਤੀਸ਼ਤ ਵਾਧਾ ਕਰਨਾ, ਕਿਉਂਕਿ ਕਿਸਾਨਾਂ ਨੂੰ ਮੋਟਰਾਂ ਦੇ ਬਿੱਲ ਲਗਾਉਣ ਨਾਲ ਸਰਕਾਰ ਦੇ ਅਕਸ਼ ਨੂੰ ਭਾਰੀ ਸੱਟ ਲੱਗੇਗੀ ਇਸ ਤਰ੍ਹਾਂ ਕਈ ਹੋਰ ਗੱਲਾਂ ਹਨ ਜੋ ਸ਼ਹਿਰੀ ਵਧੀਕੀਆਂ ਵਿਰੁੱਧ ਹਨ, ਜਿਸ ਨੂੰ ਭਾਰਤੀ ਜਨਤਾ ਪਾਰਟੀ ਬਰਦਾਸ਼ਤ ਨਹੀਂ ਕਰੇਗੀ।

## ਮਹਿੰਗਾਈ ਮੁੱਦੇ...

ਸਫ਼ਾ 1 ਦੀ ਬਾਕੀ

ਦੀਆਂ ਕੀਮਤਾਂ ਸਥਿਰ ਹੋਣ ਦੇ ਬਾਵਜੂਦ ਘਰੇਲੂ ਬਾਜ਼ਾਰ ਵਿਚ ਇਹ ਵਧਦੇ ਹੀ ਜਾ ਰਹੇ ਹਨ। ਇਸ ਵਫਦ ਵਿਚ ਸੁਸ਼ਮਾ ਸਵਰਾਜ, ਅਰੁਣ ਜੇਟਲੀ, ਰਾਜਨਾਥ ਸਿੰਘ, ਐਸ.ਐਸ. ਆਹਲੂਵਾਲੀਆ ਅਤੇ ਅਨੰਤ ਕੁਮਾਰ ਵਰਗੇ ਭਾਜਪਾ ਦੇ ਸੀਨੀਅਰ ਨੇਤਾ ਸ਼ਾਮਿਲ ਸਨ।

## ਸ਼ਗਨ ਸਕੀਮ ਲਈ ਵਿਆਹ...

ਸਫ਼ਾ 1 ਦੀ ਬਾਕੀ

ਕਈ ਤਰ੍ਹਾਂ ਦੇ ਦਸਤਾਵੇਜ਼ ਜਮ੍ਹਾਂ ਕਰਾਉਣੇ ਪੈਣਗੇ, ਜਿਸ ਨਾਲ ਜਾਲ੍ਹੀ ਸ਼ਗਨ ਲੈਣ ਦਾ ਲਾਭ ਲੈਣ ਵਾਲਿਆਂ 'ਤੇ ਨਕੇਲ ਕੱਸੀ ਜਾ ਸਕੇਗੀ। ਕਮਿਸ਼ਨਰ ਨੇ ਇਹ ਵੀ ਸਿਫਾਰਸ਼ ਕੀਤੀ ਹੈ ਕਿ ਸਰਕਾਰ ਵੱਲੋਂ ਸ਼ਗਨ ਸਕੀਮ ਦੀ ਰਾਸ਼ੀ ਜੋ 15 ਹਜ਼ਾਰ ਰੁਪਏ ਰੱਖੀ ਗਈ ਹੈ, ਵੀ ਦੋ ਕਿਸ਼ਤਾਂ ਵਿੱਚ ਦਿੱਤੀ ਜਾਵੇਗੀ। ਜਿਸ ਵਿੱਚ 10 ਹਜ਼ਾਰ ਰੁਪਏ ਮੈਰਿਜ ਤੋਂ ਪਹਿਲਾਂ ਅਤੇ ਬਾਕੀ ਮੈਰਿਜ ਰਜਿਸਟਰੇਸਨ ਤੋਂ ਬਾਅਦ ਦਿੱਤੇ ਜਾਣ। ਇਸ ਨਾਲ ਜਾਲ੍ਹੀ ਸ਼ਗਨ ਸਕੀਮ ਦਾ ਲਾਭ ਲੈਣ ਵਾਲਿਆਂ 'ਤੇ ਰੋਕ ਲੱਗ ਸਕੇਗੀ ਅਤੇ ਇਸ ਦਾ ਲਾਭ ਸਰਕਾਰ ਨੂੰ ਪਹੁੰਚੇਗਾ। ਪਤਾ ਲੱਗਾ ਹੈ ਕਿ ਇਸ ਸੰਬੰਧੀ ਮੁੱਖ ਸਕੱਤਰ ਐੱਸ.ਸੀ. ਅੱਗਰਵਾਲ ਵੱਲੋਂ 18 ਜਨਵਰੀ ਨੂੰ ਕਮਿਸ਼ਨ ਵੱਲੋਂ ਸੋਧੀ ਦੂਜੀ ਰਿਪੋਰਟ 'ਤੇ ਵਿਚਾਰ ਚਰਚਾ ਕੀਤੀ ਜਾ ਰਹੀ ਹੈ। ਜਿਸ ਵਿੱਚ ਸ਼ਗਨ ਸਕੀਮ ਬਾਰੇ ਕੀਤੀਆਂ ਸਿਫਾਰਸ਼ਾਂ 'ਤੇ ਵੀ ਫੈਸਲਾ ਲਿਆ ਜਾ ਸਕਦਾ ਹੈ।

## ਪੰਜਾਬੀ ਸ਼ਹੀਦਾਂ ਦੀਆਂ ਯਾਦਗਾਰਾਂ...

ਸਫ਼ਾ 1 ਦੀ ਬਾਕੀ

ਅੰਗਰੇਜ਼ਾਂ ਦੇ ਖਿਲਾਫ ਹੌਸਲੇ ਨਾਲ ਲੜਾਈ ਲੜੀ ਅਤੇ ਦੇਸ਼ ਨੂੰ ਅਜ਼ਾਦ ਕਰਵਾਉਣ ਲਈ ਤੋਪਾਂ ਦੇ ਸਾਹਮਣੇ ਖੜੇ ਹੋ ਕੇ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ। ਉਹਨਾਂ ਕਿਹਾ ਕਿ ਮਲੇਰਕੋਟਲਾ ਵਿਖੇ 66 ਨਾਮਧਾਰੀ ਸਿੰਘਾਂ ਨੂੰ ਅੰਗਰੇਜਾਂ ਨੇ ਤੋਪਾਂ ਨਾਲ ਉਡਾਇਆਂ ਅਤੇ ਲੁਧਿਆਣਾ, ਰਾਏਕੋਟ ਅਤੇ ਅੰਮ੍ਰਿਤਸਰ ਵਿਖੇ ਕਈ ਨਾਮਧਾਰੀ ਸਿੰਘਾਂ ਨੂੰ ਸ਼ਰੇਆਮ ਫਾਂਸੀ ਵੀ ਦਿੱਤੀ ਗਈ। ਉਹਨਾ ਕਿਹਾ ਕਿ ਅਜ਼ਾਦੀ ਦੀ ਲੜਾਈ ਦੌਰਾਨ ਸਭ ਤੋਂ ਵੱਧ ਕੁਰਬਾਨੀਆਂ ਪੰਜਾਬੀਆਂ ਨੇ ਦਿੱਤੀਆਂ ਅਤੇ ਅਜਾਦੀ ਦੀ ਲੜਾਈ ਦੌਰਾਨ ਨਾਮਧਾਰੀ ਸਿੰਘਾਂ ਨੇ ਵੀ ਬਹੁਤ ਕੁਰਬਾਨੀਆਂ ਦਿੱਤੀਆਂ, ਜਿੰਨਾਂ ਨੂੰ ਕਦੇ ਵੀ ਭੁਲਾਇਆ ਨਹੀ ਜਾ ਸਕਦਾ। ਸ. ਗਾਬੜੀਆ ਨੇ ਕਿਹਾ ਕਿ ਬਾਬਾ ਰਾਮ ਸਿੰਘ ਜੀ ਵਲੋ ਸਮਾਜਿਕ ਬਰਾਬਰਤਾ ਦੇ ਦਿੱਤੇ ਗਏ ਸੰਦੇਸ਼ ਤੇ ਚਲਦਿਆਂ ਸਾਨੂੰ ਸਾਨੂੰ ਸਾਰਿਆਂ ਨੂੰ ਇਕ ਚੰਗੇ ਅਤੇ ਨਰੋਏ ਸਮਾਜ ਦੀ ਸਿਰਜਣਾ ਵਿਚ ਅਹਿਮ ਭੂਮਿਕਾ ਨਿਭਾਉਣੀ ਚਾਹੀਦੀ ਹੈ। ਭਰੂਣ ਹੱਤਿਆ ਬਾਰੇ ਜ਼ਿਕਰ ਕਰਦਿਆਂ ਸ. ਗਾਬੜੀਆ ਨੇ ਕਿਹਾ ਕਿ ਬਾਬਾ ਰਾਮ ਸਿੰਘ ਜੀ ਨੇ ਵੀ ਕੁੜੀ-ਮਾਰਾਂ ਨੂੰ ਸਮਾਜ ਵਿਚ ਲਾਹਨਤ ਪਾਈ ਸੀ ਅਤੇ ਅਜਿਹੇ ਲੋਕਾਂ ਦਾ ਸਮਾਜਿਕ ਬਾਈਕਾਟ ਕਰਨ ਦਾ ਸੰਦੇਸ਼ ਦਿੱਤਾ ਸੀ। ਉਹਨਾਂ ਕਿਹਾ ਕਿ ਇਹ ਬੜੇ ਦੁੱਖ ਵਾਲੀ ਗੱਲ ਹੈ ਕਿ ਅੱਜ ਵੀ ਸਮਾਜ ਵਿਚ ਵੱਡੀ ਪੱਧਰ ਤੇ ਮਾਦਾ ਭਰੂਣ ਹੱਤਿਆ ਹੋ ਰਹੀ ਹੈ ਅਤੇ ਸਾਨੂੰ ਅਜਿਹੀਆਂ ਸਮਾਜਿਕ ਬੁਰਾਈਆਂ ਦਾ ਖਾਤਮਾ ਕਰਨ ਲਈ ਸਾਰੇ ਪੱਖਾਂ ਤੋਂ ਇਕ ਵਿਆਪਕ ਮੁਹਿੰਮ ਸ਼ੁਰੂ ਕਰਨੀ ਚਾਹੀਦੀ ਹੈ ਅਤੇ ਇਸ ਨੂੰ ਖਤਮ ਕਰਨ ਲਈ ਲੋਕਾਂ ਵਿਚ ਜਾਗਰੂਕਤਾ ਲਿਆਉਣਾ ਸਮੇ ਦੀ ਮੁੱਖ ਲੋੜ ਹੈ, ਇਸ ਲਈ ਵਿਦਿਅੱਕ, ਧਾਰਮਿਕ ਅਤੇ ਸਮਾਜ ਸੇਵੀ ਸੰਸਥਾਵਾਂ ਨੂੰ ਅੱਗੇ ਆਉਣਾ ਚਾਹੀਦਾ ਹੈ। ਉਹਨਾਂ ਕਿਹਾ ਕਿ ਬਾਬਾ ਰਾਮ ਸਿੰਘ ਜੀ ਨੂੰ ਸੱਚੀ ਸ਼ਰਧਾਂਜਲੀ ਇਹੀ ਹੋਵੇਗੀ ਕਿ ਅਸੀ ਉਹਨਾ ਵਲੋ ਵਿਖਾਏ ਰਸਤੇ ਤੇ ਚਲੀਏ। ਪ੍ਰੋ. ਰਾਜਿੰਦਰ ਭੰਡਾਰੀ ਪ੍ਰਧਾਨ ਭਾਰਤੀ ਜਨਤਾ ਪਾਰਟੀ ਪੰਜਾਬ ਨੇ ਕਿਹਾ ਕਿ ਬਾਬਾ ਰਾਮ ਸਿੰਘ ਜੀ ਨੂੰ ਦੇਸ਼ ਦੀ ਅਜ਼ਾਦੀ ਦੀ ਲੜਾਈ ਦੇ ਮੋਢੀ ਸਨ, ਜਿੰਨਾਂ ਨੇ ਦੇਸ਼ ਨੂੰ ਅਜ਼ਾਦ ਕਰਵਾਉਣ ਵਿਚ ਆਪਣੀ ਅਹਿਮ ਭੂਮਿਕਾ ਨਿਭਾਈ। ਉਹਨਾਂ ਕਿਹਾ ਕਿ ਭਾਰਤ ਲਗਭੱਗ 1000 ਸਾਲ ਗੁਲਾਮ ਰਿਹਾ ਜਿਸ ਵਿਚੋ ਲਗਭੱਗ 700 ਸਾਲ ਮੁਸਲਮਾਨਾਂ ਨੇ ਅਤੇ 300 ਸਾਲ ਅੰਗਰੇਜ਼ਾਂ ਨੇ ਸਾਡੇ ਦੇਸ਼ ਤੇ ਰਾਜ ਕੀਤਾ। ਉਹਨਾਂ ਕਿਹਾ ਕਿ ਦੇਸ਼ ਵਿਚ ਸਾਰੇ ਧਰਮਾਂ ਅਤੇ ਫਿਰਕੇ ਦੇ ਲੋਕਾਂ ਵਲੋ ਅਜਾਦੀ ਦੀ ਲੜਾਈ ਵਿਚ ਆਪਣਾ ਯੋਗਦਾਨ ਪਾਇਆ ਗਿਆ ਅਤੇ ਨਾਮਧਾਰੀ ਸਿੰਘਾਂ ਵਲੋ ਵੀ ਵੱਡਾ ਯੋਗਦਾਨ ਪਾਇਆ ਗਿਆ। ਉਹਨਾ ਕਿਹਾ ਕਿ ਹਜ਼ਾਰਾਂ ਹੀ ਯੋਧਿਆਂ ਦੀਆਂ ਕੁਰਬਾਨੀਆਂ ਸਦਕਾ ਸਾਡਾ ਦੇਸ਼ ਅਜ਼ਾਦ ਹੋਇਆ ਅਤੇ ਇਹਨਾਂ ਮਹਾਨ ਸ਼ਹੀਦਾਂ ਦੀ ਬਦੌਲਤ ਹੀ ਅੱਜ ਅਸੀ ਅਜ਼ਾਦੀ ਦਾ ਨਿੱਘ ਮਾਣ ਰਹੇ ਹਾਂ। ਉਹਨਾਂ ਕਿਹਾ ਕਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਇਕ ਸਮਾਜ ਸੁਧਾਰਿਕ ਵੀ ਸਨ, ਜਿੰਨਾਂ ਨੇ ਭਰੂਣ ਹੱਤਿਆ ਦੇ ਖਿਲਾਫ ਆਪਣੀ ਅਵਾਜ਼ ਬੁਲੰਦ ਕੀਤੀ ਅਤੇ ਔਰਤ ਨੂੰ ਬਰਾਬਰ ਦਾ ਅਧਿਕਾਰ ਦੇਣ ਅਤੇ ਵਿਧਵਾ ਵਿਆਹ ਸ਼ੁਰੂ ਕਰਵਾਉਣ ਦੀ ਪ੍ਰਥਾ ਸ਼ੁਰੂ ਕੀਤੀ। ਸਮਾਗਮ ਵਿਚ ਹੋਰਨਾਂ ਤੋਂ ਇਲਾਵਾ ਸ਼੍ਰੀ ਸੁਰਿੰਦਰ ਸਿੰਘ ਮੀਤ ਪ੍ਰਧਾਨ ਨਾਮਧਾਰੀ ਦਰਬਾਰ ਸ਼੍ਰੀ ਭੈਣੀ ਸਾਹਿਬ, ਸ. ਸ਼ਰਨਜੀਤ ਸਿੰਘ ਢਿਲੋ ਚੇਅਰਮੈਨ ਪੰਜਾਬ ਐਗਰੋ ਇੰਡਸਟਰੀ ਕਾਰਪੋਰੇਸ਼ਨ, ਸ. ਚਰਨਜੀਤ ਸਿੰਘ ਅਟਵਾਲ ਸਾਬਕਾ ਡਿਪਟੀ ਸਪੀਕਰ ਲੋਕ ਸਭਾ, ਸ. ਸੰਤਾ ਸਿੰਘ ਉਮੈਦਪੁਰੀ ਚੇਅਰਮੈਨ ਅਧੀਨ ਸੇਵਾਵਾਂ ਚੋਣ ਬੋਰਡ ਪੰਜਾਬ, ਸ਼੍ਰੀ ਆਰ. ਸੀ. ਯਾਦਵ ਚੇਅਰਮੈਨ ਪ੍ਰਵਾਸੀ ਭਲਾਈ ਬੋਰਡ, ਸ. ਸੁਖਪਾਲ ਸਿੰਘ ਖਹਿਰਾ, ਸ. ਤੇਜ ਪ੍ਰਕਾਸ਼ ਸਿੰਘ, ਸ. ਈਸ਼ਰ ਸਿੰਘ ਮੇਹਰਬਾਨ, (ਸਾਰੇ ਐਮ.ਐਲ.ਏ.), ਬਾਬਾ ਜਗਰੂਪ ਸਿੰਘ ਚੇਅਰਮੈਨ ਮਾਰਕੀਟ ਕਮੇਟੀ ਸਾਹਨੇਵਾਲ, ਸ. ਕਰਮਜੀਤ ਸਿੰਘ ਭੈਰੋਮੁੰਨਾ, ਸ. ਜਗਮੋਹਨ ਸ਼ਰਮਾ ਪ੍ਰਧਾਨ ਜਿਲਾ ਕਾਂਗਰਸ ਕਮੇਟੀ, ਸ. ਅਮਰਜੀਤ ਸਿੰਘ ਭਾਟੀਆ ਸੀਨੀਅਰ ਮੀਤ ਪ੍ਰਧਾਨ ਸ੍ਰੋਮਣੀ ਅਕਾਲੀ ਦਲ, ਸੰਤ ਜਗਤਾਰ ਸਿੰਘ, ਸੂਬਾ ਹਰਭਜਨ ਸਿੰਘ, ਸੂਬਾ ਜਗੀਰ ਸਿੰਘ, ਸੂਬਾ ਬਲਵਿੰਦਰ ਸਿੰਘ ਝੱਲ, ਸ. ਕਸ਼ਮੀਰ ਸਿੰਘ ਭਿੰਡਰ, ਸ. ਨਰਿੰਦਰਜੀਤ ਸਿੰਘ, ਅਤੇ ਸ. ਲਖਵੀਰ ਸਿੰਘ ਬਦੋਵਾਲ ਵੀ ਹਾਜ਼ਰ ਸਨ।

## ਸੰਤ ਬਾਬਾ ਭਗਵੰਤ ਭਜਨ ਸਿੰਘ ਵੱਲੋਂ...

ਸਫ਼ਾ 1 ਦੀ ਬਾਕੀ

ਆਯੋਜਿਤ ਕੈਂਪ ਵਿੱਚ ਪੰਜਾਬ ਸਰਕਾਰ ਦੀ ਤਰਫੋਂ ਸ਼ਮੂਲੀਅਤ ਕਰਦਿਆਂ ਸ੍ਰੀ ਮਨੋਰੰਜਨ ਕਾਲੀਆ ਨੇ ਸੰਤ ਬਾਬਾ ਭਗਵੰਤ ਭਜਨ ਸਿੰਘ, ਮਾਤਾ ਹਰਮੰਦਰ ਕੌਰ, ਡਾਕਟਰ ਅੰਤਰਪੁਨੀਤ ਸਿੰਘ, ਡਾ. ਪੁਨੀਤਪਾਲ ਸਿੰਘ ਅਤੇ ਸਿਮਰਨ ਗਿੱਲ ਦੀਆਂ ਸੇਵਾਵਾਂ ਦੀ ਜ਼ੋਰਦਾਰ ਸ਼ਲਾਘਾ ਕੀਤੀ। ਇਸ ਮੌਕੇ ਸ੍ਰੀ ਮਨੋਰੰਜਨ ਕਾਲੀਆ ਨੇ ਲੋਕ ਭਲਾਈ ਦੇ ਕੀਤੇ ਜਾ ਰਹ ਕੰਮਾਂ ਨੂੰ ਹੋਰ ਉਤਸ਼ਾਹਿਤ ਕਰਨ ਲਈ ਸੰਤ ਬਾਬਾ ਜਸਵੰਤ ਸਿੰਘ ਹਸਪਤਾਲ ਨੂੰ ਸਰਕਾਰ ਵੱਲੋਂ ਦੋ ਲੱਖ ਰੁਪਏ ਦਾ ਫੰਡ ਵੀ ਦੇਣ ਦਾ ਐਲਾਨ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਅਜਿਹੀਆਂ ਸਮਾਜ ਭਲਾਈ ਵਿੱਚ ਲੱਗੀਆਂ ਸੰਸਥਾਵਾਂ ਨੂੰ ਹਮੇਸ਼ਾ ਮਦਦ ਦੇਣ ਲਈ ਤੱਤਪਰ ਰਹਿੰਦੀ ਹੈ।

ਅੱਜ ਬਸੰਤ ਪੰਚਮੀ ਸੰਬੰਧੀ ਆਯੋਜਿਤ ਸਮਾਗਮਾਂ ਦੌਰਾਨ ਸਾਰਾ ਦਿਨ ਧਾਰਮਿਕ ਦੀਵਾਨ ਸਜੇ, ਜਿਸ ਦੌਰਾਨ ਸਿੱਖ ਪੰਥ ਦੇ ਪ੍ਰਸਿੱਧ ਕੀਰਤਨੀ ਜਥੇ ਭਾਈ ਗੁਰਇਕਬਾਲ ਸਿੰਘ ਅਤੇ ਹੋਰ ਢਾਡੀ, ਕਵੀਸ਼ਰੀ ਅਤੇ ਕੀਰਤਨ ਕਰਨ ਵਾਲੇ ਜਥਿਆਂ ਦੇ ਨਾਲ-ਨਾਲ ਵੱਖ-ਵੱਖ ਧਾਰਮਿਕ ਸਮਾਜਿਕ ਸ਼ਖਸੀਅਤਾਂ ਨੇ ਸੰਗਤ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲ ਜੁੜ ਕੇ ਜ਼ਿੰਦਗੀ ਸੁਖੀ ਅਤੇ ਸਹਿਜ ਬਣਾਉਣ ਦੀ ਅਪੀਲ ਕੀਤੀ। ਇਸ ਦੇ ਇਲਾਵਾ ਸੰਤ ਬਾਬਾ ਭਗਵੰਤ ਭਜਨ ਸਿੰਘ ਹੁਰਾਂ ਨੇ ਸਵੇਰੇ ਤੜਕੇ ਤੋਂ ਦੇਰ ਸ਼ਾਮ ਤੱਕ ਸੰਗਤ ਨੂੰ ਮਿਲਦਿਆਂ ਉਨ੍ਹਾਂ ਦੀ ਸੁੱਖ ਸ਼ਾਂਤੀ ਅਤੇ ਖੁਸ਼ਹਾਲੀ ਲਈ ਅਰਦਾਸ ਕੀਤੀ ਅਤੇ ਸਮੂਹ ਸੰਗਤਾਂ ਨੂੰ ਹਰ ਵਕਤ ਪ੍ਰਮਾਤਮਾ ਦਾ ਸਿਮਰਨ ਕਰਦੇ ਰਹਿਣ ਦੀ ਨਸੀਹਤ ਕੀਤੀ। ਸੰਤ ਬਾਬਾ ਜਸਵੰਤ ਸਿੰਘ ਕੈਂਸਰ ਸੁਸਾਇਟੀ ਵੱਲੋਂ ਆਯੋਜਿਤ ਕੈਂਸਰ ਦੀ ਜਾਂਚ ਅਤੇ ਇਲਾਜ ਲਈ ਮੁਫਤ ਕੈਂਪ ਵਿੱਚ ਸਵੇਰ ਤੋਂ ਹੀ ਦੇਸ਼ ਵਿਦੇਸ਼ ਤੋਂ ਲੋੜਵੰਦ ਮਰੀਜ਼ਾਂ ਨੇ ਚੈੱਕਅੱਪ ਕਰਵਾਇਆ। ਇਹ ਚੈੱਕਅੱਪ ਕਰਨ ਲਈ ਡਾਕਟਰ ਆਰ.ਕੇ. ਕਰਵਾਸਰਾ ਮੁਖੀ ਰਿਜ਼ਨਲ ਸੈਂਟਰ ਰੋਹਤਕ, ਡਾ. ਸੰਜੀਵ ਇਰਸ਼ਾਦ ਸਰਜਨ ਪੀ.ਜੀ.ਆਈ. ਰੋਹਤਕ, ਡਾ. ਐਸ.ਕੇ. ਸ਼ਰਮਾ, ਡਾ. ਆਰ. ਅੱਗਰਵਾਲ, ਡਾ. ਪੀ.ਐੱਸ. ਬਖਸ਼ੀ, ਡਾ. ਐੱਸ.ਪੀ.ਐੱਸ. ਵਿਰਕ, ਡਾ. ਅੰਤਰਪੁਨੀਤ ਸਿੰਘ, ਡਾ. ਪੁਨੀਤ ਸਿੰਘ ਅਤੇ ਹੋਰ ਮਾਹਰਾਂ ਵੱਲੋਂ ਵਿਸ਼ੇਸ਼ ਡਿਊਟੀ ਨਿਭਾਈ ਗਈ। ਡਾ. ਅੰਤਰਪੁਨੀਤ ਸਿੰਘ ਅਤੇ ਡਾ. ਪੁਨੀਤ ਸਿੰਘ ਨੇ ਸ਼ਾਮ ਨੂੰ ਦੱਸਿਆ ਕਿ ਇਸ ਮੁਫਤ ਜਾਂਚ ਕੈਂਪ ਵਿੱਚ ਪੰਜਾਬ ਅਤੇ ਦੇਸ਼ ਦੇ ਵੱਖ-ਵੱਖ ਹਿੱਸਿਆਂ ਤੋਂ ਇਲਾਵਾ ਵਿਦੇਸ਼ਾਂ ਤੋਂ ਵੀ ਸੈਂਕੜਿਆਂ ਦੀ ਗਿਣਤੀ ਵਿੱਚ ਮਰੀਜ਼ਾਂ ਨੇ ਆਪਣਾ ਚੈੱਕਅੱਪ ਕਰਵਾਇਆ। ਸਾਧਾਰਨ ਤਕਲੀਫ ਵਾਲੇ ਮਰੀਜ਼ਾਂ ਨੂੰ ਇਲਾਜ ਲਈ ਬਾਬਾ ਜਸਵੰਤ ਸਿੰਘ ਹਸਪਤਾਲ ਵੱਲੋਂ ਮੁਫਤ ਦਵਾਈਆਂ ਦਿੱਤੀਆਂ ਗਈਆਂ। ਗੰਭੀਰ ਅਤੇ ਸਰਜਰੀ ਦੀ ਲੋੜ ਵਾਲੇ ਮਰੀਜ਼ਾਂ ਨੂੰ ਬਾਬਾ ਜਸਵੰਤ ਸਿੰਘ ਹਸਪਤਾਲ ਵਿੱਚ ਅਗਲੇ ਦਿਨਾਂ ਦੌਰਾਨ ਜ਼ਰੂਰੀ ਟੈੱਸਟਾਂ ਅਤੇ ਅਪ੍ਰੇਸ਼ਨ ਲਈ ਸਮਾਂ ਦਿੱਤਾ ਗਿਆ ਹੈ। ਅੱਜ ਦੀਆਂ ਸਮੁੱਚੀਆਂ ਧਾਰਮਿਕ ਅਤੇ ਮੁਫਤ ਕੈਂਪ ਦੀਆਂ ਸਰਗਰਮੀਆਂ ਵਿੱਚ ਵਿਲੱਖਣ ਗੱਲ ਇਹ ਰਹੀ ਕਿ ਸੰਤ ਬਾਬਾ ਭਗਵੰਤ ਭਜਨ ਸਿੰਘ ਹੁਰਾਂ ਨੇ ਖੁਦ ਅਤੇ ਉਨ੍ਹਾਂ ਦੇ ਸਮੁੱਚੇ ਪਰਿਵਾਰ, ਪਤਨੀ ਹਰਮਹਿੰਦਰ ਕੌਰ, ਪੁੱਤਰ ਡਾ. ਅੰਤਰਪੁਨੀਤ ਸਿੰਘ, ਡਾ. ਪੁਨੀਤਪਾਲ ਸਿੰਘ ਨੂੰ ਸਿਮਰਨ ਗਿੱਲ ਅਤੇ ਹੋਰ ਨਿਰਮਲ ਤਖਤ ਨਾਲ ਸੰਬੰਧਤ ਟਰੱਸਟੀਆਂ ਸ੍ਰੀ ਆਰ.ਐੱਸ. ਬਾਜਵਾ, ਡਾ. ਕਰਨਲ ਵੀ. ਕੇ. ਸਿੰਘ ਆਦਿ ਨੇ ਸਵੇਰੇ ਤੜਕੇ ਤੋਂ ਦੇਰ ਰਾਤ ਤੱਕ ਸੰਗਤ ਦੀ ਲਗਾਤਾਰ ਖੜ੍ਹਿਆਂ ਰਹਿ ਕੇ ਸੇਵਾ ਕੀਤੀ। ਮੁਫਤ ਚੈੱਕਅੱਪ ਦੌਰਾਨ ਬੀਬੀ ਹਰਮਹਿੰਦਰ ਕੌਰ ਨੇ ਖੁਦ ਡਾਕਟਰਾਂ ਦੇ ਕਮਰੇ ਅੱਗੇ ਖੜ੍ਹੇ ਹੋ ਕੇ ਚੈੱਕਅੱਪ ਕਰਵਾਉਣ ਆਏ ਮਰੀਜ਼ਾਂ ਨੂੰ ਅਸੀਸ ਦਿੰਦਿਆਂ

## ਸੱਨਅਤੀ ਲਾਂਘੇ 'ਚ ਪੰਜਾਬ ਨੂੰ ਸ਼ਾਮਲ ਕਰਵਾ...

ਸਫ਼ਾ 1 ਦੀ ਬਾਕੀ

ਕੇਂਦਰ ਵੱਲੋਂ 4,25 ਹਜ਼ਾਰ ਕਰੋੜ ਦੇ ਦਿੱਲੀ-ਮੁੰਬਈ ਸਨਅਤੀ ਲਾਂਘੇ ਵਿੱਚੋਂ ਪੰਜਾਬ ਨੂੰ ਪੂਰੀ ਤਰ੍ਹਾਂ ਨਜ਼ਰ-ਅੰਦਾਜ਼ ਕਰਕੇ ਪੰਜਾਬੀਆਂ ਦਾ ਮਜ਼ਾਕ ਉਡਾਇਆ ਹੈ। ਸ. ਸਿੱਧੂ ਨੇ ਦਿੱਲੀ ਦੀ ਅੰਗਰੇਜ਼ੀ ਅਖਬਾਰ ਦੀ ਕਾਤਰ ਪੇਸ਼ ਕਰਕੇ ਅੰਕੜਿਆਂ ਸਹਿਤ ਦੋਸ਼ ਲਗਾਇਆ ਕਿ ਕੇਂਦਰ ਨੇ 425 ਹਜ਼ਾਰ ਕਰੋੜ ਦੀ ਲਾਗਤ ਵਾਲਾ ਜੋ ਉਕਤ ਲਾਂਘਾ ਬਣਾਉਣ ਦੀ ਯੋਜਨਾ ਪ੍ਰਵਾਨ ਕੀਤੀ ਹੈ, ਉਸ ਵਿੱਚ ਦਿੱਲੀ, ਉੱਤਰ ਪ੍ਰਦੇਸ਼, ਹਰਿਆਣਾ, ਰਾਜਸਥਾਨ, ਗੁਜਰਾਤ, ਮਹਾਂਰਾਸ਼ਟਰ, ਮੱਧ ਪ੍ਰਦੇਸ਼, ਸੂਬੇ ਤਾਂ ਸ਼ਾਮਲ ਹਨ, ਪਰ ਪੰਜਾਬ ਪੂਰੀ ਤਰ੍ਹਾਂ ਨਜ਼ਰ ਅੰਦਾਜ਼ ਹੈ। ਉਨ੍ਹਾਂ ਕਿਹਾ ਕਿ ਹਾਲਾਂਕਿ ਪ੍ਰਧਾਨ ਮੰਤਰੀ ਖੁਦ ਅੰਮ੍ਰਿਤਸਰ ਨਾਲ ਸਬੰਧਿਤ ਹਨ, ਪਰ ਅਫਸੋਸ ਦੀ ਗੱਲ ਹੈ ਕਿ ਉਨ੍ਹਾਂ ਨੇ ਵੀ ਪੰਜਾਬ ਨਾਲ ਵੱਡਾ ਵਿਤਕਰਾ ਹੁੰਦਾ ਵੇਖ ਕੇ ਆਵਾਜ਼ ਨਹੀਂ ਉਠਾਈ। ਇਸ 1483 ਕਿਲੋਮੀਟਰ ਦੇ ਪ੍ਰਸਤਾਵਿਤ ਲਾਂਘੇ ਵਿੱਚ ਅਗਰ ਸਿਰਫ 100 ਕਿਲੋਮੀਟਰ ਹੋਰ ਵਾਧਾ ਕਰ ਦਿੱਤਾ ਜਾਵੇ ਤਾਂ ਇਹ ਪੰਜਾਬ ਨੂੰ ਵੀ ਕਵਰ ਕਰਦੇ ਹੋਏ ਅੰਮ੍ਰਿਤਸਰ ਤੱਕ ਲਿਜਾਇਆ ਜਾ ਸਕਦਾ ਹੈ, ਜੋ ਅੱਜ ਦੇ ਸਮੇਂ ਦੀ ਸਖਤ ਜ਼ਰੂਰਤ ਵੀ ਹੈ, ਕਿਉਂਕਿ ਸਰਹੱਦੀ ਪੱਟੀ ਵਾਲੇ ਪੰਜਾਬ ਨੂੰ ਅਟਾਰੀ, ਵਾਹਗਾ ਸਰਹੱਦ ਰਾਹੀਂ ਭਾਰਤ-ਪਾਕਿ ਵਿਚਾਲੇ ਵਪਾਰਕ ਆਦਾਨ-ਪ੍ਰਦਾਨ ਹੋਰ ਜ਼ਿਆਦਾ ਵਧਾਉਣ ਦੀ ਵੀ ਜ਼ਰੂਰਤ ਹੈ ਜੋ ਕਿ ਅਜੇ ਤੱਕ ਅਣਗਹਿਲੀ ਦਾ ਸ਼ਿਕਾਰ ਹੈ।

ਸ. ਸਿੱਧੂ ਨੇ ਕਿਹਾ ਕਿ ਭਾਰਤ ਦੇ ਕਮਾਊ ਪੁੱਤ ਪੰਜਾਬ ਨੂੰ ਨਜ਼ਰ-ਅੰਦਾਜ਼ ਕਰਕੇ ਕੇਂਦਰ ਨੇ ਪੰਜਾਬੀਆਂ ਦੀ ਜੋ ਬੇਇੱਜ਼ਤੀ ਕੀਤੀ ਹੈ, ਉਹ ਬਰਦਾਸ਼ਤ ਨਹੀਂ ਕੀਤੀ ਜਾ ਸਕਦੀ ਅਤੇ ਦੂਸਰੀਆਂ ਸਿਆਸੀ ਪਾਰਟੀਆਂ ਨੂੰ ਵੀ ਨਾਲ ਲੈ ਕੇ ਇਹ ਬੇਇਨਸਾਫੀ ਦੂਰ ਕਰਵਾਈ ਜਾਵੇਗੀ। ਇਸ ਮਸਲੇ ਨੂੰ "ਮਿੱਤਰਾਂ ਦੀ ਪੱਗ ਦਾ ਸਵਾਲ" ਕਰਾਰ ਦਿੰਦਿਆਂ ਸਿੱਧੂ ਨੇ ਕਿਹਾ ਕਿ ਇਸ ਬਾਰੇ ਮੈਂ ਭਾਜਪਾ ਪੰਜਾਬ ਦੇ ਪ੍ਰਧਾਨ ਬਲਬੀਰ ਪੁੰਜ ਤੇ ਕੌਮੀ ਪ੍ਰਧਾਨ ਨਿਤਿਨ ਗਡਕਰੀ ਨਾਲ ਵੀ ਮੀਟਿੰਗ ਕਰਕੇ ਉਨ੍ਹਾਂ ਦੀ ਹਿਮਾਇਤ ਹਾਸਲ ਕਰ ਲਈ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਇਸ ਸਾਲ 10 ਫੀਸਦੀ ਵਿਕਾਸ ਦਰ ਹੋਣ ਦੀ ਗੱਲ ਕਰ ਰਹੀ ਹੈ ਪਰ ਪੰਜਾਬ ਨੂੰ ਵਿਕਾਸ ਦੇ ਰਾਹ ਤੋਂ ਲਾਂਭੇ ਕਰਕੇ ਉਹ ਕਿਹੜੇ ਵਿਕਾਸ ਦੇ ਟੀਚੇ ਪੂਰੇ ਕਰਨਗੇ। ਜ਼ਿਕਰਯੋਗ ਹੈ ਕਿ ਰੇਲਵੇ ਲਾਈਨ ਦੇ ਸੱਜੇ ਤੇ ਖੱਬੇ ਪਾਸੇ ਡੇਢ ਸੌ ਕਿਲੋਮੀਟਰ ਦੀ ਦੂਰੀ ਤੇ ਇਹ ਸੜਕੀ ਲਾਂਘਾ ਤਿਆਰ ਹੋਣਾ ਹੈ ਅਤੇ ਇਸ ਲਾਂਘੇ ਦਾ ਅੰਮ੍ਰਿਤਸਰ ਕੌਮਾਂਤਰੀ ਹਵਾਈ ਅੱਡੇ ਤੱਕ ਵਿਸਥਾਰ ਅਤਿ ਜ਼ਰੂਰੀ ਹੈ ਕਿਉਂਕਿ ਖੁਦਾ ਨਾ ਖਾਸਤਾ ਅਗਰ ਭਵਿੱਖ ਵਿੱਚ ਕਦੇ ਪਾਕਿ ਨਾਲ ਜੰਗ ਦਾ ਮੋਰਚਾ ਖੁੱਲ੍ਹਦਾ ਹੈ ਤਾਂ ਸਪਲਾਈ ਲਾਈਨ ਦਾ ਅੰਮ੍ਰਿਤਸਰ ਤੱਕ ਮਜ਼ਬੂਤ ਹਾਲਤ ਵਿੱਚ ਹੋਣਾ ਅਤਿ ਜ਼ਰੂਰੀ ਹੈ। ਜਦੋਂਕਿ ਸ਼ਾਂਤੀ ਦੇ ਮਾਹੌਲ ਵਿੱਚ ਅੰਮ੍ਰਿਤਸਰ ਤੋਂ ਹੁੰਦੇ ਕੌਮਾਂਤਰੀ ਵਪਾਰ ਨੂੰ ਮਜ਼ਬੂਤ ਕਰਨ ਲਈ ਇਸ ਦੀ ਅਤਿ ਸਖਤ ਜ਼ਰੂਰਤ ਹੈ।

ਉਨ੍ਹਾਂ ਚਿੰਤਾ ਪ੍ਰਗਟ ਕੀਤੀ ਕਿ ਜਿਸ ਤਰ੍ਹਾਂ ਧਰਤੀ ਹੇਠਲੇ ਪਾਣੀ ਨੂੰ ਵੱਡੀ ਪੱਧਰ 'ਤੇ ਵਰਤ ਕੇ, ਖੇਤਾਂ ਵਿੱਚ ਨਦੀਨ ਨਾਸ਼ਕਾਂ ਨਾਲ ਮਾਰੂ ਸ਼ਕਤੀ ਸਿਖਰਾਂ 'ਤੇ ਪਹੁੰਚਾ ਚੁੱਕੇ ਹਾਂ। ਉਸ ਤਰ੍ਹਾਂ ਅਸੀਂ ਖੇਤੀ ਸੈਕਟਰ ਵਿੱਚ ਪੰਜਾਬ ਨੂੰ ਆਖਰ ਕਦੋਂ ਤੱਕ ਵਰਤ ਸਕਦੇ ਹਾਂ। ਇਸ ਦੀ ਸਿਖਰ ਹੋ ਚੁੱਕੀ ਹੈ ਅਤੇ ਹੁਣ ਸਨਅਤੀ ਵਿਕਾਸ ਸਮੇਂ ਦੀ ਡਾਹਢੀ ਲੋੜ ਬਣ ਚੁੱਕਾ ਹੈ। ਸਿੱਧੂ ਨੇ ਕਿਹਾ ਕਿ ਸਰਕਾਰ ਨੇ ਇਸ ਲਾਂਘੇ ਤੋਂ ਰੁਜ਼ਗਾਰ ਦੇ ਮੌਕੇ ਦੁੱਗਣੇ ਕਰਨ, ਸਨਅਤੀ ਵਿਕਾਸ ਤਿੰਨ ਗੁਣਾਂ ਹੋਣ ਅਤੇ ਬਰਾਮਦ ਚਾਰ ਗੁਣਾਂ ਵੱਧ ਹੋਣ ਦੇ ਫਾਇਦੇ ਐਲਾਨ ਕੀਤੇ ਹਨ। ਫਿਰ ਇਨ੍ਹਾਂ ਫਾਇਦਿਆਂ ਤੋਂ ਪੰਜਾਬ ਨੂੰ ਵਿਰਵਾ ਕਿਉਂ ਰੱਖਿਆ ਜਾ ਰਿਹਾ ਹੈ ਅਤੇ ਕੇਂਦਰ ਸਰਕਾਰ ਨੂੰ ਸਿਆਸਤ ਤੋਂ ਪ੍ਰੇਰਿਤ

# ...ਬੱਸ 1 ਮਿੰਟ

## ਮਲਬੇ 'ਚੋਂ ਇਕ ਹਫ਼ਤੇ ਬਾਅਦ ਸੁਰੱਖਿਅਤ ਬਾਹਰ ਨਿਕਲੀ ਬਜ਼ੁਰਗ ਔਰਤ

ਪੋਰਟ ਓ ਪ੍ਰਿੰਸ, 20 ਜਨਵਰੀ (ਵਿਸ਼ਵ ਵਾਰਤਾ)-ਹੈਤੀ ਵਿਚ ਆਏ ਵਿਨਾਸ਼ਕਾਰੀ ਭੂਚਾਲ ਨੂੰ ਇਕ ਹਫ਼ਤਾ ਬੀਤ ਚੁੱਕਾ ਹੈ ਤੇ ਉਥੇ ਮਲਬੇ ਵਿਚੋਂ ਲਾਸ਼ਾਂ ਮਿਲਣ ਦਾ ਸਿਲਸਿਲਾ ਲਗਾਤਾਰ ਜਾਰੀ ਹੈ। ਇਸ ਦੌਰਾਨ ਅੱਜ ਇਕ 60 ਸਾਲਾ ਬਜ਼ੁਰਗ ਔਰਤ ਨੂੰ ਮਲਬੇ ਵਿਚੋਂ ਸੁਰੱਖਿਅਤ ਬਾਹਰ ਕੱਢਿਆ ਗਿਆ। ਇਹ ਔਰਤ ਇਕ ਹਫ਼ਤਾ ਮਲਬੇ ਥੱਲੇ ਹੀ ਦਬੀ ਰਹੀ। ਜਾਣਕਾਰੀ ਅਨੁਸਾਰ ਇਸ ਮਹਿਲਾ ਨੂੰ ਮੈਕਸਿਕੋ ਅਤੇ ਜਰਮਨੀ ਦੇ ਰਾਹਤ ਦਲ ਨੇ ਮਲਬੇ ਵਿਚੋਂ ਬਾਹਰ ਕੱਢਿਆ ਹੈ। ਇਸ ਮਹਿਲਾ ਦਾ ਕਹਿਣਾ ਹੈ ਕਿ ਮਲਬੇ ਵਿਚ ਤਿੰਨ ਹੋਰ ਲੋਕ ਜਿਉਂਦੇ ਸਨ। ਵਰਣਨਯੋਗ ਹੈ ਕਿ ਬੀਤੀ 12 ਜਨਵਰੀ ਨੂੰ ਹੈਤੀ ਵਿਚ ਜ਼ਬਰਦਸਤ ਭੂਚਾਲ ਆਇਆ ਸੀ। ਇਸ ਭੂਚਾਲ ਵਿਚ ਜਿਥੇ ਭਾਰੀ ਮਾਲੀ ਨੁਕਸਾਨ ਹੋਇਆ ਸੀ ਉਥੇ ਲਗਪਗ 75 ਹਜ਼ਾਰ ਲੋਕਾਂ ਦੀ ਜਾਨ ਵੀ ਜਾ ਚੁੱਕੀ ਹੈ।

## ਪ੍ਰਧਾਨ ਮੰਤਰੀ ਅੱਜ ਦੇਣਗੇ 21 ਬੱਚਿਆਂ ਨੂੰ ਕੌਮੀ ਬਹਾਦਰੀ ਐਵਾਰਡ

ਨਵੀਂ ਦਿੱਲੀ, 20 ਜਨਵਰੀ (ਵਿਸ਼ਵ ਵਾਰਤਾ)-ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਵੀਰਵਾਰ ਨੂੰ 21 ਬੱਚਿਆਂ ਨੂੰ ਕੌਮੀ ਬਹਾਦਰੀ ਐਵਾਰਡ ਦੇਣਗੇ। ਇਨ੍ਹਾਂ ਵਿੱਚ 8 ਲੜਕੇ ਅਤੇ 15 ਲੜਕੀਆਂ ਹਨ। ਉਚ ਪੱਧਰੀ ਕਮੇਟੀ ਵੱਲੋਂ ਇਨ੍ਹਾਂ ਦੇ ਨਾਮ ਨਾਮਜ਼ਦ ਕੀਤੇ ਗਏ ਹਨ। ਜਿਨ੍ਹਾਂ ਨੇ ਸ਼ਲਾਘਾਯੋਗ ਸੇਵਾਵਾਂ ਅਤੇ ਬਹਾਦਰੀ ਦੇ ਕੰਮ ਕੀਤੇ। ਇਨ੍ਹਾਂ ਵਿਚੋਂ 2 ਐਵਾਰਡ ਮਰਨ ਉਪਰੰਤ ਦਿੱਤੇ ਜਾਣਗੇ। ਕੌਮੀ ਬਹਾਦਰੀ ਐਵਾਰਡ ਲੈਣ ਵਾਲਿਆਂ ਵਿੱਚ ਪੱਛਮੀ ਬੰਗਾਲ ਦੀਆਂ ਤਿੰਨ ਬੱਚੀਆਂ ਹਨ ਜਿਨ੍ਹਾਂ ਦੀ ਉਮਰ 11 ਤੋਂ 12 ਸਾਲ ਦੀ ਹੈ। ਉਨ੍ਹਾਂ ਨੇ ਆਪਣਾ ਵਿਆਹ ਛੋਟੀ ਉਮਰ ਵਿੱਚ ਕਰਵਾਉਣ ਤੋਂ ਇਨਕਾਰ ਕਰ ਦਿੱਤਾ। ਉਨ੍ਹਾਂ ਨੇ ਆਪਣੀ ਇੱਛਾ ਪੜ੍ਹਾਈ ਨੂੰ ਜਾਰੀ ਰੱਖਣਾ ਪ੍ਰਗਟਾਈ ਅਤੇ ਸਮਾਜਿਕ ਬੁਰਾਈ ਨੂੰ ਨਕਾਰਿਆ। ਦਿੱਲੀ ਰਾਜ ਪੱਥ ਵਿਖੇ ਗਣਤੰਤਰ ਦਿਵਸ ਪ੍ਰੇਡ ਵਿੱਚ ਇਹ ਸਾਰੇ ਬੱਚੇ ਹਿੱਸਾ ਲੈਣਗੇ।

## ਦੇਸ਼ ਦੇ ਕੁੱਲ ਜੰਗਲਾਤ ਰਕਬੇ 'ਚ ਕੋਈ ਘਾਟਾ-ਵਾਧਾ ਨਹੀਂ ਹੋਇਆ

ਨਵੀਂ ਦਿੱਲੀ, 20 ਜਨਵਰੀ (ਵਿਸ਼ਵ ਵਾਰਤਾ)-ਪਿਛਲੇ ਸਾਲਾਂ ਵਿੱਚ ਦੇਸ਼ ਵਿੱਚ ਵੱਡੇ ਪੱਧਰ ਉਤੇ ਜੰਗਲਾਂ ਨੂੰ ਕਟਾਈ ਨਹੀਂ ਹੋਈ। ਭਾਰਤੀ ਜੰਗਲਾਤ ਦੇਹਰਾਦੂਨ ਜੋ ਜੰਗਲਾਂ ਦੀ ਨਿਗਰਾਨੀ ਕਰਦਾ ਹੈ ਉਹ ਸਮੇਂ ਸਮੇਂ ਉਤੇ ਦੇਸ਼ ਦੀ ਜੰਗਲਾਤ ਸਥਿਤੀ ਬਾਰੇ ਰਿਪੋਰਟ ਪੇਸ਼ ਕਰਦਾ ਹੈ। ਇਸ ਵੱਲੋਂ ਪੇਸ਼ ਕੀਤੀ ਗਈ ਰਿਪੋਰਟ ਮੁਤਾਬਿਕ ਸਾਲ 2001 ਤੋਂ 03 ਦੇ ਦਮਿਆਨ ਜੰਗਲਾਤ ਖੇਤਰਫਲ ਵਿੱਚ 23 ਹਜ਼ਾਰ 919 ਵਰਗ ਕਿਲੋਮੀਟਰ ਦਾ ਵਾਧਾ ਹੋਇਆ ਪਰ ਸਾਲ 2003-05 ਦੇ ਦਰਮਿਆਨ ਕੁੱਲ ਜੰਗਲਾਤ ਰਕਬੇ ਵਿੱਚ 728 ਵਰਗ ਕਿਲੋਮੀਟਰ ਦੀ ਕਮੀ ਦਰਜ ਕੀਤੀ ਗਈ, ਜਿਨ੍ਹਾਂ ਰਾਜਾਂ ਵਿੱਚ ਜੰਗਲਾਤ ਰਕਬਾ ਘਟਿਆ ਉਨ੍ਹਾਂ ਵਿੱਚ ਆਂਧਰਾ ਪ੍ਰਦੇਸ਼, ਆਸਾਮ, ਛਤੀਸ਼ਗੜ੍ਹ, ਗੁਜਰਾਤ, ਮੱਧ ਪ੍ਰਦੇਸ਼, ਮਹਾਰਾਸ਼ਟਰ, ਮਨੀਪੁਰ, ਨਾਗਾਲੈਂਡ, ਉਤੱਰਾਂਖੰਡ ਤੇ ਅੰਡੇਮਾਨ ਨਿਕੋਬਾਰ ਸ਼ਾਮਿਲ ਹਨ। ਪਿਛਲੇ ਪੰਜ ਸਾਲਾਂ ਦੌਰਾਨ ਜੰਗਲਾਤ ਤੇ ਵਾਤਾਵਰਣ ਮੰਤਰਾਲੇ ਵੱਲੋਂ 81 ਪ੍ਰਸਤਾਵਾਂ ਨੂੰ ਮਨਜ਼ੂਰੀ ਦਿੱਤੀ ਗਈ ਜਿਸ ਹੇਠ 2 ਹਜ਼ਾਰ 822 ਹੈਕਟੇਅਰ ਜੰਗਲਾਤ ਰਕਬੇ ਨੂੰ ਬਿਜਲੀ ਪਲਾਂਟ ਲਗਾਉਣ ਲਈ ਵਰਤਿਆ ਜਾਣਾ ਸੀ। ਦੇਸ਼ ਵਿੱਚ ਕੁੱਲ 7 ਲੱਖ 69 ਹਜ਼ਾਰ 626 ਵਰਗ ਕਿਲੋਮੀਟਰ ਰਕਬਾ ਜੰਗਲਾਤ ਹੇਠ ਹੈ।

## ਰਾਜਾਂ ਦੇ ਕਿਰਤ ਮੰਤਰੀਆਂ ਦਾ ਸੰਮੇਲਨ ਭਲਕੇ

ਨਵੀਂ ਦਿੱਲੀ, 20 ਜਨਵਰੀ (ਵਿਸ਼ਵ ਵਾਰਤਾ)-ਕਿਰਤ ਅਤੇ ਰੋਜ਼ਗਾਰ ਮੰਤਰਾਲੇ ਵੱਲੋਂ ਰਾਜਾਂ ਦੇ ਕਿਰਤ ਮੰਤਰੀਆਂ ਦਾ ਸੰਮੇਲਨ 22 ਜਨਵਰੀ ਨੂੰ ਨਵੀਂ ਦਿੱਲੀ ਵਿਖੇ ਹੋ ਰਿਹਾ ਹੈ। ਇਸ ਸੰਮੇਲਨ ਵਿੱਚ ਕਿਰਤ ਨਾਲ ਸਬੰਧਤ ਵੱਖ ਵੱਖ ਮੁੱਦਿਆਂ ਬਾਰੇ ਵਿਚਾਰ ਵਟਾਂਦਰਾ ਕੀਤਾ ਜਾਵੇਗਾ। ਇਸ ਸੰਮੇਲਨ ਦੀ ਪ੍ਰਧਾਨਗੀ ਕੇਂਦਰੀ ਕਿਰਤ ਅਤੇ ਰੋਜ਼ਗਾਰ ਮੰਤਰੀ ਮਲਿਕ ਅਰਜੁਨ ਖੜਗੇ ਕਰਨਗੇ। ਸੰਮੇਲਨ ਵਿੱਚ ਗ਼ੈਰ ਸੰਗਠਿਤ ਕਾਮਿਆਂ ਦਾ ਸਮਾਜਿਕ ਸੁਰੱਖਿਆ ਐਕਟ 2008 ਨੂੰ ਲਾਗੂ ਕਰਨ ਸਬੰਧੀ ਆਉਣ ਵਾਲੀਆਂ ਮੁਸ਼ਕਿਲਾਂ ਬਾਰੇ ਵਿਚਾਰ ਵਟਾਂਦਰਾ ਕੀਤਾ ਜਾਵੇਗਾ। ਇਸ ਤੋਂ ਇਲਾਵਾ ਇਸ ਐਕਟ ਹੇਠ ਰਾਜਾਂ ਵੱਲੋਂ ਕਾਨੂੰਨ ਬਣਾਉਣ, ਰਾਜਾਂ ਦੇ ਸਮਾਜਿਕ ਸੁਰੱਖਿਆ ਬੋਰਡ ਗਠਿਤ ਕਰਨ ਅਤੇ ਗੈਰ ਸੰਗਠਿਤ ਕਾਮਿਆਂ ਦੀ ਰਜਿਸਟ੍ਰੇਸ਼ਨ ਕਰਨ ਬਾਰੇ ਵੀ ਵਿਚਾਰ ਕੀਤੀ ਜਾਵੇਗੀ। ਰਾਸ਼ਟਰੀ ਸਿਹਤ ਬੀਮਾ ਯੋਜਨਾ ਦਾ ਤੇਜ਼ੀ ਨਾਲ ਲਾਗੂ ਕਰਨ ਅਤੇ ਬਾਕੀ ਰਹਿੰਦੇ ਜ਼ਿਲ੍ਹਿਆਂ ਵਿੱਚ ਇਸ ਦਾ ਪਸਾਰ ਕਰਨ ਸਬੰਧੀ ਵਿਚਾਰ ਵਟਾਂਦਰਾ ਵੀ ਇਸ ਸੰਮੇਲਨ ਵਿੱਚ ਕੀਤਾ ਜਾਵੇਗਾ।

## ਗੁਬਾਰੇ ਭਰਨ ਵਾਲਾ ਗੈਸ ਦਾ ਸਿਲੰਡਰ ਫਟਿਆ, ਦੋ ਦੀ ਮੌਤ, 10 ਜ਼ਖਮੀ

ਫਿਰੋਜ਼ਪੁਰ, 20 ਜਨਵਰੀ (ਜੀ.ਐੱਸ. ਕਾਲੜਾ)-ਗੁਬਾਰੇ ਭਰਨ ਵਾਲੀ ਗੈਸ ਨੇ ਬਸੰਤ ਪੰਚਮੀ ਦਾ ਤਿਉਹਾਰ ਦੁਖਦਾਈ ਬਣਾ ਦਿੱਤਾ, ਜਦੋਂ ਕਿ ਇੱਕ ਔਰਤ ਗੈਸ ਦਾ ਗੁਬਾਰਾ ਭਰ ਰਹੀ ਸੀ ਤਾਂ ਅਚਾਨਕ ਸਿਲੰਡਰ ਫਟ ਗਿਆ ਅਤੇ ਉਸ ਔਰਤ ਦੇ ਪੇਟ ਦੇ ਚੀਥੜੇ ਉੱਡ ਗਏ, ਉਥੇ ਗੁਬਾਰੇ ਲੈਣ ਆਏ ਲੋਕਾਂ ਵਿੱਚੋਂ ਇੱਕ ਦੀ ਮੌਤ ਹੋ ਗਈ ਅਤੇ 10 ਤੋਂ ਵੱਧ ਲੋਕ ਜਿਸ ਵਿੱਚ ਔਰਤਾਂ ਅਤੇ ਬੱਚੇ ਸ਼ਾਮਲ ਸਨ, ਗੰਭੀਰ ਰੂਪ ਵਿੱਚ ਜ਼ਖਮੀ ਹੋ ਗਏ। ਇਸ ਦੀ ਜਾਣਕਾਰੀ ਥਾਣਾ ਸਿਟੀ ਵੱਲੋਂ ਦਿੱਤੀ ਗਈ। ਮ੍ਰਿਤਕਾਂ ਦਾ ਪੋਸਟ-ਮਾਰਟਮ ਕਰਵਾ ਦਿੱਤਾ ਗਿਆ ਅਤੇ ਲਾਸ਼ਾਂ ਵਾਰਸਾਂ ਦੇ ਹਵਾਲੇ ਕਰ ਦਿੱਤੀਆਂ। ਇਸੇ ਪ੍ਰਕਾਰ ਬਸੰਤ ਪੰਚਮੀ ਦਾ ਤਿਉਹਾਰ ਦੁਖਦਾਈ ਰਿਹਾ। ਪ੍ਰਾਪਤ ਜਾਣਕਾਰੀ ਅਨੁਸਾਰ ਇੱਕ ਬੱਚੇ ਦੀ ਛੱਤ ਤੋਂ ਡਿੱਗ ਕੇ ਮੌਤ ਹੋ ਗਈ ਅਤੇ ਇੱਕ ਵਿਅਕਤੀ ਦਾ ਗਲਾ ਕਟਿਆ ਗਿਆ, ਜੋ ਗੰਭੀਰ ਹਾਲਤ ਵਿੱਚ ਹਸਪਤਾਲ ਵਿੱਚ ਦਾਖਲ ਹੈ।

## ਲੋਕਾਂ ਨੇ ਅੱਠ ਦਿਨ ਬਾਅਦ ਸੂਰਜ ਦੇ ਦਰਸ਼ਨ ਕੀਤੇ

ਫਗਵਾੜਾ, 20 ਜਨਵਰੀ (ਜਸਵਿੰਦਰ ਢੱਡਾ)-ਕੜਾਕੇ ਦੀ ਪੈ ਰਹੀ ਹੱਡ ਚੀਰਵੀਂ ਠੰਢ ਦੇ ਕਰੀਬ 8 ਦਿਨ ਬੀਤ ਜਾਣ ਬਾਅਦ ਅੱਜ ਸੂਰਜ ਨਿਕਲਿਆ ਬਾਅਦ ਦੁਪਹਿਰ ਤਕਰੀਬਨ 2.15 ਵਜੇ। ਲੋਕਾਂ ਨੇ ਅੱਜ ਠੰਢ ਤੋਂ ਕੁਝ ਰਾਹਤ ਮਹਿਸੂਸ ਕੀਤੀ।

## ਅੰਤਿਮ ਅਰਦਾਸ ਅੱਜ

ਲੁਧਿਆਣਾ, 20 ਜਨਵਰੀ (ਰਾਜ ਜੋਸ਼ੀ)-ਸੀਨੀਅਰ ਟਕਸਾਲੀ ਆਗੂ ਜਥੇਦਾਰ ਪੂਰਨ ਸਿੰਘ ਕਮਲ ਦੀ ਨਜ਼ਦੀਕੀ ਰਿਸ਼ਤੇਦਾਰ ਬੀਬੀ ਗੁਰਸ਼ਰਨ ਕੌਰ ਪਤਨੀ ਸਵਰਗੀ ਸੁਰਿੰਦਰ ਸਿੰਘ ਆਦਿ ਜੋ ਬੀਤੇ ਦਿਨੀਂ ਆਪਣੀ ਸੰਸਾਰਿਕ ਯਾਤਰਾ ਪੂਰੀ ਕਰਕੇ ਪ੍ਰਮਾਤਮਾ ਦੇ ਚਰਨਾਂ ਵਿੱਚ ਜਾ ਬਿਰਾਜੇ ਸਨ, ਨਮਿਤ ਅੰਤਿਮ ਅਰਦਾਸ ਸਥਾਨਿਕ ਗੁਰਦੁਆਰਾ ਮਾਈ ਨੰਦ ਕੌਰ ਜੀ ਵਿਖੇ ਅੱਜ 21 ਜਨਵਰੀ ਦਿਨ ਵੀਰਵਾਰ ਨੂੰ ਸਵੇਰੇ 11.30 ਵਜੇ ਤੋਂ ਲੈ ਕੇ ਬਾਅਦ ਦੁਪਹਿਰ 1 ਵਜੇ ਤੱਕ ਹੋਵੇਗੀ।

## ਗੁਰੂ ਕਿਰਪਾ ਐਂਟਰਪ੍ਰਾਈਜ਼ਿਜ਼ ਵੱਲੋਂ ਲਾਡੋਵਾਲੀ ਰੋਡ 'ਤੇ ਨਵੇਂ ਸ਼ੋਰੂਮ ਦਾ ਉਦਘਾਟਨ

ਜਲੰਧਰ, 20 ਜਨਵਰੀ (ਮਲਕੀਅਤ ਸਿੰਘ ਬਰਾੜ)-ਵੀ-2 ਇੰਟਰਨੈਸ਼ਨਲ ਵੱਲੋਂ ਜਲੰਧਰ ਵਿੱਚ ਗੁਰੂ ਕਿਰਪਾ ਇੰਟਰਪ੍ਰਾਈਜਿਜ ਨਾਂਅ ਦਾ ਪ੍ਰੀਤ ਨਗਰ ਲਾਡੋਵਾਲੀ ਰੋਡ ਵਿਖੇ ਵਿਸ਼ੇਸ਼ ਸ਼ੋਰੂਮ ਖੋਲ੍ਹਿਆ ਗਿਆ ਹੈ। ਇਸ ਦਾ ਉਦਘਾਟਨ ਅੱਜ ਜਲੰਧਰ ਦੇ ਮੇਅਰ ਸ੍ਰੀ ਰਾਕੇਸ਼ ਰਾਠੌਰ ਨੇ ਕੀਤਾ। ਇਸ ਸ਼ੋਅਰੂਮ ਬਾਰੇ ਪ੍ਰਬੰਧਕਾਂ ਨੇ ਦੱਸਿਆ ਕਿ ਵੀ-2 ਇੰਟਰਨੈਸ਼ਨਲ ਕੰਪਨੀ ਵੱਲੋਂ ਟਾਇਰਾਂ ਦੀ ਸੁਰੱਖਿਆ ਲਈ ਅਜਿਹਾ ਉਤਪਾਦ ਤਿਆਰ ਕੀਤਾ ਗਿਆ ਹੈ, ਜੋ ਕਿਸੇ ਵੀ ਟੂ ਵੀਲ੍ਹਰ ਜਾਂ ਫੋਰ ਵੀਲ੍ਹਰ ਦੇ ਟਾਇਰ ਨੂੰ ਪੰਚਰ ਹੋਣ ਤੋਂ ਬਚਾਉਂਦਾ ਹੈ। ਇਸ ਸ਼ੋਅਰੂਮ ਦੇ ਖੁੱਲ੍ਹਣ ਨਾਲ ਇਸ ਇਲਾਕੇ ਦੇ ਲੋਕਾਂ ਨੂੰ ਭਾਰੀ ਲਾਭ ਹੋਵੇਗਾ।